ਰੋਜ਼ਾਨਾ ਪੰਜਾਬੀ ਅਖਬਾਰ
'ਲੋਕ ਬਾਣੀ'
ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ ਤੇ ਸੰਪਰਕ ਕਰੋ
0181-22111009

ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

Wednesday, 28 April, 2021

ਹੈ ਕੋਈ ਖਬਰ ਤੁਹਾਡੇ ਸ਼ਹਿਰ ਮੁਹਲੇ ਪਿੰਡ ਦੀ ਸਾਨੂੰ ਲੋੜ ਹੈ ਪੰਜਾਬ ਦੇ ਹਰ ਕੋਨੇ ਤੋਂ ਉਸ ਖਬਰ ਦੀ ਜੋ ਹੋਵੇ ਸੱਚ ਜਿਸ ਨੂੰ ਅਸੀਂ ਪਹੁੰਚਾ ਸਕੀਏ ਪ੍ਰਸ਼ਾਸਨ ਤੱਕ ਤੁਰੰਤ ਹੋਵੇ ਕਾਰਵਾਈ ਸਾਡੇ ਪਤਰਕਾਰਾਂ ਨਾਲ ਜਾ ਮੁੱਖ ਦਫਤਰ ਨਾਲ ਸੰਪਰਕ ਕਰੋ
9915594111
01812211009

R.N.I. Punpun/29016/2008 ਸਾਲ : 14, ਮੁੱਲ- 2 ਰੁਪਏ- ਕੁੱਲ ਪੇਜ-10, ਅੰਕ : 92 lokbani08@gmail.com ਫੋਨ, ਫੈਕਸ : 0181-2211009 M. 99155-94111

## ਕੋਰੋਨਾ ਦੇ ਸਾਏ ਹੇਠ ਮਹਾਂਕੁੰਭ ਦਾ ਸ਼ਾਹੀ ਇਸ਼ਨਾਨ ਸ਼ੁਰੂ
## 22 ਹਜ਼ਾਰ ਸ਼ਰਧਾਲੂਆਂ ਕੀਤੀ ਸ਼ਿਰਕਤ

**ਹਰਿਦੁਆਰ/ਲੋਕ ਬਾਣੀ**

ਚੈਤ੍ਰ ਪੂਰਨਮਾਸ਼ੀ ਇਸਨਾਨ ਮੌਕੇ ਉਤੇ ਮਹਾਂਕੁੰਭ ਦੇ ਆਖਰੀ ਸਾਹੀ ਇਸ਼ਨਾਨ ਵਿੱਚ ਕੋਰੋਨਾ ਮਹਾਂਮਾਰੀ ਦਾ ਪ੍ਰਭਾਵ ਸਪੱਸਟ ਤੌਰ ਤੇ ਵੇਖਿਆ ਗਿਆ। ਹਰਿਕੀ ਪੌੜੀ ਸਮੇਤ ਵੱਖ-ਵੱਖ ਘਾਟਾਂ 'ਤੇ ਸਵੇਰੇ ਚਾਰ ਵਜੇ ਬ੍ਰਹਮਮੂਰਹੂਰਤ ਵਿੱਚ ਇਸਨਾਨ ਸੁਰੂ ਹੋਇਆ ਪਰ ਬਹੁਤ ਘੱਟ ਸੰਗਤ ਗੰਗਾ ਇਸ਼ਨਾਲ ਲਈ ਪੁੱਜੀ। ਅਖਾੜਿਆਂ ਦਾ ਇਸਨਾਨ ਦਾ ਸਵੇਰੇ 9.30 ਵਜੇ ਤੋਂ ਆਰੰਭ ਹੋਇਆ। ਪਹਿਲਾਂ ਪੰਚਾਇਤੀ ਅਖਾੜਾ ਤੇ ਫਿਰ ਨਿਰੰਜਨੀ ਅਖਾੜੇ ਦੇ ਸੰਤਾਂ ਸਾਹੀ ਇਸਨਾਨ ਕੀਤਾ। ਹਰਿਦੁਆਰ ਦੀ



ਮੇਲਾ ਪੁਲਿਸ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਦੁਪਹਿਰ ਦੋ ਵਜੇ ਤਕ ਲਗਪਗ 22 ਹਜਾਰ ਸਰਧਾਲੂਆਂ ਨੇ ਇਸਨਾਨ ਕੀਤਾ। ਆਮ ਸਰਧਾਲੂਆਂ ਤੋਂ ਬਾਅਦ ਸਭ ਤੋਂ ਪਹਿਲਾਂ ਪੰਚਾਇਤੀ ਅਖਾੜੇ ਨਿਰੰਜਨੀ ਦੇ ਸੰਤਾਂ ਇਸਨਾਨ ਕੀਤਾ। ਸੰਤਾਂ ਨੇ ਦੇਵਤੇ ਭਗਵਾਨ ਕਾਰਤਿਕੇਆ ਤੇ ਮਾਂ ਗੰਗਾ ਦੀ ਅਰਦਾਸ ਕਰਨ ਤੋਂ ਬਾਅਦ ਗੰਗਾ ਵਿਚ ਡੁੱਬਕੀ ਲਾਈ। ਇਸ ਤੋਂ ਬਾਅਦ ਸੰਤ ਵਾਪਸ ਪਰਤ ਆਏ।

## ਪਟਿਆਲਾ : ਕਰੋਨਾ ਕਾਰਨ ਰਾਜਿੰਦਰਾ ਹਸਪਤਾਲ 'ਚ 37 ਮੌਤਾਂ, ਫੌਜ ਤਾਇਨਾਤ

**ਪਟਿਆਲਾ/ਜਗਦੀਸ਼**

ਪਟਿਆਲਾ ਸਥਿਤ ਸਰਕਾਰੀ ਰਾਜਿੰਦਰਾ ਹਸਪਤਾਲ ਵਿੱਚ ਮੰਗਲਵਾਰ ਨੂੰ 37 ਕਰੋਨਾ ਮਰੀਜ਼ਾਂ ਦੀ ਮੌਤ ਹੋ ਗਈ। ਸੋਮਵਾਰ ਨੂੰ ਇਹ ਅੰਕੜਾ 31 ਤੇ ਐਤਵਾਰ ਨੂੰ 26 ਸੀ ਪਰ ਮੰਗਲਵਾਰ ਨੂੰ ਇਹ ਅੰਕੜਾ 37 'ਤੇ ਜਾ ਪੁੱਜਾ। ਇਸ ਹਸਪਤਾਲ 'ਚ ਪੰਜਾਬ, ਹਰਿਆਣਾ ਤੇ ਦਿੱਲੀ ਦੇ ਮਰੀਜ ਵੀ ਇਲਾਜ ਲਈ ਆ ਰਹੇ ਹਨ। ਗੰਭੀਰ ਹਾਲਾਤ ਕਾਰਨ ਸੋਮਵਾਰ ਨੂੰ ਤਾਂ ਰਾਜਿੰਦਰਾ ਹਸਪਤਾਲ 'ਚ ਫੌਜੀ ਜਵਾਨ ਵੀ ਤਾਇਨਾਤ ਕਰ ਦਿੱਤੇ ਗਏ ਹਨ, ਜਿਨ੍ਹਾਂ ਵੱਲੋਂ ਕਰੋਨਾ ਮਰੀਜਾਂ ਸਮੇਤ ਕਰੋਨਾ ਕਾਰਨ ਮਰੇ ਲੋਕਾਂ ਦੀਆਂ ਲਾਸ਼ਾਂ ਦੀ ਸਾਂਭ ਸੰਭਾਲ ਕਰਨ ਸਮੇਤ ਹੋਰ ਜੰਮਿਦਾਰੀਆਂ ਵੀ ਸੌਂਪੀਆਂ ਗਈਆਂ ਹਨ।



## ਕੈਪਟਨ ਅਮਰਿੰਦਰ ਸਿੰਘ ਵੱਲੋਂ ਨਵਜੋਤ ਸਿੱਧੂ ਨੂੰ ਆਪਣੇ ਖਿਲਾਫ ਚੋਣ ਲੜਨ ਦੀ ਚੁਣੌਤੀ

**ਜਲੰਧਰ/ਰਜਨੀਸ਼ ਸ਼ਰਮਾ**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਚੁਣੌਤੀ ਦਿੱਤੀ ਕਿ ਸਿੱਧੂ ਉਨ੍ਹਾਂ ਖਿਲਾਫ ਪਟਿਆਲਾ ਤੋਂ ਚੋਣ ਲੜਨ ਦੀ ਹਿੰਮਤ ਦਿਖਾਉਣ, ਇਸ ਨਾਲ ਉਸ ਦੀ ਜਨਰਲ ਜੇ ਜੇ ਸਿੰਘ ਵਾਂਗ ਜਮਾਨਤ ਜਬਤ ਹੋ ਜਾਵੇਗੀ। ਇਕ ਨਿੱਜੀ ਚੈਨਲ ਨੂੰ ਦਿੱਤੀ ਇੰਟਰਵਿਊ ਵਿਚ ਕੋਟਕਪੂਰਾ ਪੁਲੀਸ ਫਾਇਰਿੰਗ ਵਿਚ ਸਿਟ ਦੀ ਜਾਂਚ ਬਾਰੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਜੇ ਸਿੱਧੂ ਨੂੰ ਉਸ (ਕੈਪਟਨ) ਦੀ ਸਰਕਾਰ ਚਲਾਉਣ ਦੀ ਕਾਬਲੀਅਤ ਵਿਚ ਸ਼ੱਕ ਹੈ ਤਾਂ ਉਹ ਉਨ੍ਹਾਂ ਖਿਲਾਫ ਪਟਿਆਲਾ ਤੋਂ ਚੋਣ ਲੜਨ ਦੀ ਹਿੰਮਤ ਕਰਨ। ਇਸ ਨਾਲ ਸਿੱਧੂ ਦੇ ਸਾਰੇ ਭੁਲੇਖੇ ਦੂਰ ਹੋ ਜਾਣਗੇ। ਇਸ ਤੋਂ ਪਹਿਲਾਂ ਕੈਪਟਨ ਤੋਂ ਇਹ ਪੁੱਛਿਆ ਗਿਆ ਸੀ ਕਿ ਨਵਜੋਤ ਸਿੱਧੂ ਅੱਜ ਕੱਲ੍ਹ ਪਟਿਆਲਾ ਵਿਚ ਕਾਫੀ ਸਰਗਰਮ ਹੈ ਤੇ ਇਹ ਵੀ ਕਿਆਸ ਲਾਏ ਜਾ ਰਹੇ ਹਨ ਕਿ ਸਿੱਧੂ ਦੀ ਪਤਨੀ ਪਟਿਆਲਾ ਦਿਹਾਤੀ ਤੋਂ ਚੋਣ ਲੜ ਸਕਦੀ ਹੈ। ਇਸ ਦੇ ਜਵਾਬ ਵਿਚ ਨਵਜੋਤ ਸਿੱਧੂ ਨੇ ਕਿਹਾ ਕਿ ਉਸ ਦਾ ਟੀਚਾ ਸਿਰਫ ਇਨਸਾਫ ਲਈ ਲੜਾਈ ਲੜਨਾ ਹੈ ਤੇ ਦੋਸ਼ੀਆਂ ਨੂੰ ਸਜਾ ਦਿਵਾਉਣਾ ਹੈ।





## ਭਾਰਤ ਦੇ ਹਸਪਤਾਲਾਂ 'ਚ ਵਧਦੀ ਭੀੜ ਕਾਰਨ ਹਾਲਾਤ ਚਿੰਤਾਜਨਕ: ਡਬਲਿਊਐਚਓ

**ਜਨੇਵਾ/ਲੋਕ ਬਾਣੀ**

ਵਰਲਡ ਹੈਲਥ ਆਰਗੇਨਾਈਜੇਸ਼ਨ ਨੇ ਅੱਜ ਕਿਹਾ ਹੈ ਕਿ ਭਾਰਤ ਦੇ ਹਸਪਤਾਲਾਂ ਵਿਚ

World Health Organization

ਲੋਕ ਹਲਕਾ ਬੁਖਾਰ ਹੋਣ 'ਤੇ ਵੀ ਜਾ ਰਹੇ ਹਨ ਜਿਸ ਕਾਰਨ ਹਸਪਤਾਲਾਂ ਵਿਚ ਭੀੜ ਵਧ ਰਹੀ ਹੈ ਤੇ ਕਰੋਨਾ ਕਾਰਨ ਹਾਲਾਤ ਹੋਰ ਖਰਾਬ ਹੋ ਰਹੇ ਹਨ। ਭਾਰਤ ਵਿਚ ਕਰੋਨਾ ਰੋਕੂ ਟੀਕਾਕਰਨ ਦੀ ਦਰ ਘੱਟ ਹੈ ਤੇ ਉਥੇ ਕਰੋਨਾ ਦਾ ਨਵਾਂ ਰੂਪ ਜਿਆਦਾ ਖਤਰਨਾਕ ਹੈ। ਭਾਰਤ ਵਿਚ 2 ਲੱਖ ਦੇ ਕਰੀਬ ਮੌਤਾਂ ਹੋ ਚੁੱਕੀਆਂ ਹਨ ਤੇ ਉਥੋਂ ਦੇ ਹਸਪਤਾਲਾਂ ਵਿਚ ਮਰੀਜਾਂ ਨੂੰ ਆਕਸੀਜਨ ਤੇ ਜਰੂਰੀ ਦਵਾਈਆਂ ਨਹੀਂ ਮਿਲ ਰਹੀਆਂ। ਡਬਲਿਊਐਚਓ ਦੇ ਬੁਲਾਰੇ ਨੇ ਕਿਹਾ ਕਿ ਭਾਰਤ ਨੂੰ 4 ਹਜਾਰ ਆਕਸੀਜਨ ਕੰਸਨਟਰੇਟਰ ਭੇਜੇ ਜਾ ਰਹੇ ਹਨ।

## ਕੋਰੋਨਾ ਨਾਲ ਮੌਤ ਹੋਣ 'ਤੇ 'ਸਰਕਾਰੀ ਹੁਕਮਾਂ' ਮੁਤਾਬਕ ਕਰਨੀਆਂ ਪੈਣਗੀਆਂ ਅੰਤਿਮ ਰਸਮਾਂ



**ਨਵੀਂ ਦਿਲੀ/ਕਪੂਰ**

ਮੰਤਰਾਲੇ ਨੇ 19 ਨਾਲ ਮ੍ਰਿਤਕ ਲੋਕਾਂ ਦੇ ਅੰਤਿਮ ਸੰਸਕਾਰ ਲਈ ਹਿਦਾਇਤਾਂ ਜਾਰੀ ਕੀਤੀਆਂ ਹਨ। ਕੇਂਦਰੀ ਸਿਹਤ ਮੰਤਰਾਲੇ ਦੀਆਂ ਨਵੀਆਂ ਹਿਦਾਇਤਾਂ ਦੇ ਮੁਤਾਬਕ ਮੈਡੀਕਲ ਸਟਾਫ ਹੁਣ ਕੋਰੋਨਾ ਨਾਲ ਮ੍ਰਿਤਕ ਵਿਅਕਤੀ ਦੀ ਲਾਸ਼ ਨੂੰ ਪਰਿਵਾਰਕ ਲੋਕ ਦੇਖ ਸਕਣਗੇ। ਲਾਸ਼ਾਂ ਨੂੰ ਉਨ੍ਹਾਂ ਦੇ ਪਰਿਵਾਰਕ ਪਾਸ ਤੋਂ ਸਿਰਫ ਦੇਖ ਸਕਦੇ ਹਨ। ਲਾਸ਼ ਨੂੰ ਹੱਥ ਲਾਉਣਾ, ਗਲੇ ਲਾਉਣਾ ਜਾਂ ਛੂਹਣਾ ਮਨ੍ਹਾ ਹੋਵੇਗਾ। ਜੋ ਮੈਡੀਕਲ ਸਟਾਫ ਉਸ ਡੈਡ ਬੌਡੀ ਨੂੰ ਹੈਂਡਲ ਕਰੇਗਾ ਉਹ ਪੂਰੀ ਸਾਵਧਾਨੀ ਰੱਖੇਗਾ। ਯਾਨੀ ਪਰਸਨਲ ਪ੍ਰੋਟੈਕਸ਼ਨ ਇਕਿਊਪਮੈਂਟ, ਗਲੱਵਜ, ਗਲਾਸ ਪਹਿਣਨਗੇ। ਉੱਥੇ ਹੀ ਤਹਾਨੂੰ ਸੈਨੇਟਾਇਜ ਕਰਨਗੇ। ਖਾਸ ਤਰ੍ਹਾਂ ਦੇ ਡਿਸਇਨਫੈਕਟ ਬੈਡ 'ਚ ਲਾਸ਼ ਨੂੰ ਰੱਖਿਆ ਜਾਵੇਗਾ। ਇਸ ਤੋਂ ਬਾਅਦ ਆਸਪਾਸ ਦੀ ਥਾਂ ਡਿਸਇਨਫੈਕਟ ਕਰਨੀ ਹੋਵੇਗੀ। ਨਿਯਮਾਂ ਤਹਿਤ ਤੁਸੀਂ ਸਿਰਫ ਇਕ ਵਾਰ ਮ੍ਰਿਤਕ ਦਾ ਚਿਹਰਾ ਦੇਖ ਸਕਦੇ ਹੋ। ਏਨਾ ਹੀ ਨਹੀਂ ਮੰਤਰਾਲੇ ਨੇ ਅੰਤਿਮ ਰਸਮਾਂ ਸਮੇਂ ਵੀ ਘੱਟ ਤੋਂ ਘੱਟ ਲੋਕਾਂ ਨੂੰ ਆਉਣ ਦੀ ਸਲਾਹ ਦਿੱਤੀ ਹੈ। ਲਾਸ਼ ਸਿਰਫ ਇਕ ਵਾਰ ਪਰਿਵਾਰ ਨੂੰ ਦੇਖਣ ਦੀ ਇਜਾਜਤ ਹੋਵੇਗੀ।

## ਸੁਪਰੀਮ ਕੋਰਟ ਵੱਲੋਂ ਕੋਰੋਨਾ ਮਹਾਂਮਾਰੀ 'ਰਾਸ਼ਟਰੀ ਸੰਕਟ' ਕਰਾਰ

**ਨਵੀਂ ਦਿੱਲੀ/ਕਪੂਰ**

ਸੁਪਰੀਮ ਕੋਰਟ ਨੇ ਕੋਵਿਡ-19 ਮਾਮਲਿਆਂ ਵਿੱਚ ਹੋ ਰਹੇ ਵਾਧੇ ਨੂੰ 'ਰਾਸਟਰੀ ਸੰਕਟ' ਦੱਸਦਿਆਂ ਕਿਹਾ ਕਿ ਉਹ ਅਜਿਹੀ ਸਥਿਤੀ ਵਿੱਚ ਮੂਕ ਦਰਸਕ ਬਣ ਕੇ ਨਹੀਂ ਰਹਿ ਸਕਦਾ। ਉਸੇ ਸਮੇਂ ਅਦਾਲਤ ਨੇ ਸਪੱਸਟ ਕੀਤਾ ਕਿ ਕੋਵਿਡ-19 ਦੇ ਪ੍ਰਬੰਧਨ ਲਈ ਰਾਸਟਰੀ ਨੀਤੀ ਬਣਾਉਣ 'ਤੇ ਇਸ ਦੀ ਸਵੈਚਾਲਤ ਸੰਜੀਦਗੀ ਸੁਣਵਾਈ ਦਾ ਅਰਥ ਹਾਈ ਕੋਰਟ ਦੇ ਮੁਕੱਦਮੇ ਨੂੰ ਦਬਾਉਣਾ ਨਹੀਂ ਹੈ। ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਐਲ ਨਾਗੇਸ਼ਵਰ ਰਾਓ ਤੇ ਜਸਟਿਸ ਐਸ ਰਵਿੰਦਰ ਭੱਟ ਦੀ ਬੈਂਚ ਨੇ ਕਿਹਾ ਕਿ ਹਾਈ ਕੋਰਟ ਖੇਤਰੀ ਸੀਮਾ ਦੇ ਅੰਦਰ ਮਹਾਂਮਾਰੀ ਦੀ ਸਥਿਤੀ ਦੀ ਨਿਗਰਾਨੀ ਕਰਨ ਲਈ ਬਿਹਤਰ ਸਥਿਤੀ ਵਿੱਚ ਹੈ। ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਦਖਲ ਦੀ ਲੋੜ ਕੁਝ ਰਾਸਟਰੀ ਮਸਲਿਆਂ 'ਤੇ ਹੈ ਕਿਉਂਕਿ ਕੁਝ ਕੇਸ ਰਾਜਾਂ ਦਰਮਿਆਨ ਤਾਲਮੇਲ ਨਾਲ ਸਬੰਧਤ ਹੋ ਸਕਦੇ ਹਨ।



### ਪੱਤਰਕਾਰ ਦੀ ਨਿਯੁਕਤੀ



ਅਦਾਰਾ ਰੋਜਾਨਾ ਲੋਕ ਬਾਣੀ ਵਲੋਂ ਗੁਰਦਾਸਪੁਰ ਤੋਂ ਜਤਿੰਦਰ ਕੁਮਾਰ ਨੂੰ ਪੱਤਰਕਾਰ ਨਿਯੁਕਤ ਕੀਤਾ ਜਾਂਦਾ ਹੈ ਖ਼ਬਰਾਂ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ 9877586661

ਮੋਗਾ ਜਿਲ੍ਹੇ ਤੋ ਪੱਤਰਕਾਰਾਂ ਦੀ ਲੋੜ
ਰੋਜਾਨਾ ਲੋਕ ਬਾਣੀ ਨੂੰ ਮੋਗਾ ਜਿਲ੍ਹੇ ਦੇ ਕਸਬੇ ਤੋ ਪੱਤਰਕਾਰ ਫੋਟੋਗ੍ਰਾਫ਼ਰ ਚਾਹੀਦੇ ਹਨ ਸਾਡੇ ਵਿਸ਼ੇਸ਼ ਪ੍ਰਤੀਨਿਧੀ ਦਵਿੰਦਰ ਬਿਟੂ ਨਾਲ ਸੰਪਰਕ ਕਰੋ
9814574936

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਸ਼ਰੇਆਮ ਕਾਨੂੰਨ ਦੀਆਂ ਉਲੰਘਣਾ ਕਰਦੇ ਹੋਏ ਸ਼ਰਾਬ ਦੇ ਠੇਕੇਦਾਰ

**ਲੁਧਿਆਣਾ/ਮੁਨੀਸ਼ ਵਰਮਾ**

ਜਿਥੇ ਇਕ ਪਾਸੇ ਸਰਕਾਰ ਵਲੋਂ ਸ਼ਾਮ 5 ਬਜੇ ਸਬ ਦੁਕਾਨਾਂ ਬੰਦ ਕਰਨ ਦੇ ਸਰਕਾਰ ਵਲੋਂ ਹੁਕਮ ਜਾਰੀ ਕੀਤੇ ਗਏ ਹਨ। ਅਤੇ 6 ਬਜੇ ਤੋਂ ਲੌਕਡਾਉਣ ਲਾਗੂ ਕੀਤਾ ਗਿਆ ਹੈ।ਓਿਹਨਾ ਹੁਕਮ ਅਨੁਸਾਰ ਸਾਰਾ ਬਾਜ਼ਾਰ ਦੁਕਾਨਦਾਰਾ ਵਲੋਂ ਦੁਕਾਨਾਂ ਬੰਦ ਕਰ ਦਿਤੀਆਂ ਜਾਂਦੀਆਂ ਹਨ।ਪਰ ਤਸਵੀਰਾ ਚ ਤੁਸੀਂ ਦੇਖ ਸਕਦੇ ਹੋ ਲੁਧਿਆਣਾ ਚ ਵੱਖ ਵੱਖ ਏਰੀਆ ਚ ਕਿਸ ਤਰ੍ਹਾਂ ਕਨੂੰਨ ਦੀਆਂ ਉਲੰਘਣਾ ਕਰਦੇ ਹੋਏ ਕਾਕੋਵਾਲ ਰੋਡ ਥਾਣਾ ਬਸਤੀ ਜੋਧੇਵਾਲ ਏਰੀਆ ਮਿਲਣ ਪੈਲਸ ਦੇ ਨਾਲ ਸ਼ਰਾਬ ਦਾ ਠੇਕਾ ਖੁਲਾਇਆ ਹੋਇਆ ਹੈ।ਅਤੇ ਦੂਜੇ ਪਾਸੇ ਘੁਮਾਰ ਮੰਡੀ ਰੋਡ ਸ਼ਰਾਬ ਦੇ ਠੇਕੇ ਦੇ ਬਾਹਰ ਸ਼ਟਰ ਦੇ ਵਿਚੋਂ ਸ਼ਰਾਬ ਦੀ ਬੋਤਲ ਖਰੀਦ ਕੇ ਲੈਕੇ ਜਾਂਦਾ ਹੋਇਆ।।ਜਿਸਨੂੰ ਨਾ ਤਾਂ ਸਰਕਾਰ ਦੇ ਹੁਕਮਾ ਦਾ ਡਰ ਹੈ ਨਾ ਤਾਂ ਪੁਲਿਸ ਪ੍ਰਸ਼ਾਸ਼ਨ ਦਾ ਡਰ ਹੈ।ਕਿ ਕਾਨੂੰਨ ਅਤੇ ਸਖਤੀ ਬਾਕੀ ਦੁਕਾਨਦਾਰਾਂ ਲਈ ਹੀ ਹੈ।ਸ਼ਰਾਬ ਬੇਚਣ ਵਾਲੇਇਆ ਲਈ ਕੋਈ ਕਾਨੂੰਨ ਨਹੀਂ ਹੈ।







## ਸ਼ਾਮ 6 ਵਜੇ ਤੋਂ ਬਾਅਦ ਪੱਟੀ ਸ਼ਹਿਰ ਦੇ ਬਜ਼ਾਰ ਰਹੇ ਬੰਦ , ਮੈਡੀਕਲ ਸਟੋਰ ਆਦਿ ਰਹੇ ਖੁਲ੍ਹੇ

**ਪੱਟੀ/ਰਵੀਕਰਨ**

ਪੰਜਾਬ ਸਰਕਾਰ ਵਲੋਂ ਸ਼ਾਮ 6 ਵਜੇ ਤੋਂ ਸਵੇਰੇ 5 ਵਜੇ ਤੱਕ ਕਰਫਿਊ ਲਗਾਉਣ ਦੇ ਆਦੇਸ਼ਾਂ ਤੇ ਪੱਟੀ ਸ਼ਹਿਰ ਦੇ ਬਜ਼ਾਰ ਬੰਦ ਰਹੇ ਅਤੇ ਮੈਡੀਕਲ ਸਟੋਰ ਆਦਿ ਖੁਲ੍ਹੇ ਰਹੇ ਦੱਸ ਦਈਏ ਕਿ ਪੱਟੀ



ਦੇ ਮੇਨ ਬਜ਼ਾਰ, ਕਾਲਜ਼ ਰੋਡ ਆਦਿ ਤੇ ਦੁਕਾਨਾਂ ਮੁਕੰਮਲ ਤੌਰ ਤੇ ਬੰਦ ਰਹੀਆਂ । ਪੁਲਿਸ ਪ੍ਰਸ਼ਾਸਨ ਵੱਲੋਂ ਸਖ਼ਤੀ ਨਾਲ ਦੁਕਾਨਾਂ ਬੰਦ ਕਰਵਾਈਆ ਗਈਆ ਤੇ ਨਾਕਾਬੰਦੀ ਕੀਤੀ ਗਈ । ਪੀ. ਸੀ.ਆਰ ਮੁਲਾਜਮਾਂ ਵਲੋਂ ਸ਼ਹਿਰ ਵਿੱਚ ਲਗਾਤਰ ਗਸ਼ਤ ਜਾਰੀ ਹੈ ।

## ਸੀ.ਐਚ.ਸੀ.ਸਰਹਾਲੀ ਵਿਖੇ ਮਲੇਰੀਆ ਦਿਵਸ ਮਨਾਇਆ



**ਚੋਹਲਾ ਸਾਹਿਬ/ਮਨਜੀਤ ਸਿੰਘ,ਭਗਤ ਸਿੰਘ,**

ਸਿਵਲ ਸਰਜਨ ਤਾਰਨ ਤਾਰਨ ਡਾ: ਰੋਹਿਤ ਮਹਿਤਾ ਅਤੇ ਜਿਲ੍ਹਾ ਮਲੇਰੀਆ ਅਫਸਰ ਤਰਨ ਤਾਰਨ ਦੇ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਕਰਦੇ ਹੋਏ ਸੀਨੀਅਰ ਮੈਡੀਕਲ ਅਫਸਰ ਡਾ: ਜਤਿੰਦਰ ਸਿੰਘ ਗਿੱਲ ਇੰ:ਸੀ.ਐਚ.ਸੀ.ਸਰਹਾਲੀ ਦੀ ਯੋਗ ਰਹਿਨੁਮਾਈ ਹੇਠ ਕੰਮਿਊਨਿਟੀ ਹੈਲਥ ਸੈਂਟਰ ਸਰਹਾਲੀ ਕਲਾਂ ਵਿਖੇ ਮਲੇਰੀਆ ਦਿਵਸ ਮਨਾਇਆ ਗਿਆ।ਇਸ ਸਮੇਂ ਡਾ: ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰ:ਸੀ.ਐਚ.ਸੀ.ਸਰਹਾਲੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਨੂੰ ਆਪਣੇ ਆਲੇ ਦੁਆਲੇ ਗੰਦਾ ਪਾਣੀ ਖੜਾ ਨਹੀਂ ਹੋਣ ਦੇਣਾ ਚਾਹੀਦਾ ਕਿਉਂਕਿ ਪਾਣੀ ਵਿੱਚ ਮੱਛਰ ਪੈਦਾ ਹੁੰਦਾ ਹੈ ਜਿਸ ਕਾਰਨ ਭਿਆਨ ਬਿਮਾਰੀਆਂ ਫੈਲਦੀਆਂ ਹਨ।ਉਹਨਾਂ ਕਿਹਾ ਕਿ ਅਗਰ ਕਿਸੇ ਨੂੰ ਤੇਜ਼ ਬੁਖਾਰ,ਖਾਂਸੀ,ਨਜਲਾ,ਜ਼ੁਕਾਮ ਹੈ ਤਾਂ ਉਹ ਤੁਰੰਤ ਨੇੜ੍ਹੇ ਦੇ ਸਿਹਤ ਕੇਂਦਰ ਤੋਂ ਆਪਣੇ ਖ਼ੂਨ ਦੀ ਜਾਂਚ ਕਰਵਾਏ ਅਤੇ ਜਰੂਰਤ ਅਨੁਸਾਰ ਮੈਡੀਕਲ ਅਫਸਰ ਦੀ ਸਲਾਹ ਅਨੁਸਾਰ ਪ੍ਰਹੇਜ਼ ਅਤੇ ਦਵਾਈ ਦੀ ਵਰਤੋਂ ਕਰੇ।ਇਸ ਸਮੇਂ ਹੈਲਥ ਇੰਸਪੈਕਟਰ ਬਿਹਾਰੀ ਲਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਨੂੰ ਰਾਤ ਸੌਣ ਸਮੇਂ ਪੂਰਾ ਸਰੀਰ ਢੱਕਣ ਵਾਲੇ ਕੱਪੜੇ ਪਹਿਨਕੇ ਸੌਣਾ ਚਾਹੀਦਾ ਹੈ ਅਤੇ ਮੱਛਰ ਭਜਾਉਣ ਵਾਲੇ ਤੇਲ ਅਤੇ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ।ਇਸ ਸਮੇਂ ਬੀ.ਈ.ਈ.ਹਰਦੀਪ ਸਿੰਘ ਸੰਧੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਨੂੰ ਆਪਣੇ ਘਰਾਂ ਦੀਆਂ ਛੱਤਾਂ ਤੇ ਟੱਟੇ ਟਾਇਰਾਂ,ਗਮਲਿਆਂ ਆਦਿ ਵਿੱਚ ਪਾਣੀ ਖੜਾ ਨਹੀਂ ਹੋਣ ਦੇਣਾ ਚਾਹੀਦਾ ਕਿਉਂਕਿ ਖੜ੍ਹੇ ਪਾਣੀ ਵਿੱਚ ਮੱਛਰ ਪੈਦਾ ਹੁੰਦਾ ਹੈ ਜਿਸ ਕਾਰਨ ਬਿਮਾਰੀਆਂ ਫੈਲਦੀਆਂ ਹਨ।ਉਹਨਾਂ ਕਿਹਾ ਕਿ ਸਾਨੂੰ ਹਫ਼ਤੇ ਵਿੱਚ ਇੱਕਵਾਰ ਆਪਣੇ ਕੂਲਰ ਦੀ ਸਫਾਈ ਕਰਦੇ ਹੋਏ ਪਾਣੀ ਬਦਲਣਾ ਚਾਹੀਦਾ ਹੈ।ਇਸ ਸਮੇਂ ਜ਼ਸਪਿੰਦਰ ਸਿੰਘ ਹਾਂਡਾ,ਰਜਿੰਦਰ ਸਿੰਘ ਫਤਿਹਗੜ੍ਹ ਚੂੜੀਆਂ,ਸੁਖਦੀਪ ਸਿੰਘ ਔਲਖ,ਬਲਰਾਜ ਸਿੰਘ ਗਿੱਲ,ਦੀਨ ਦਿਆਲ ਐਸ.ਆਈ,ਮੈਡਮ ਪ੍ਰਮਜੀਤ ਕੌਰ,ਸਤਨਾਮ ਸਿੰਘ ਆਦਿ ਹਾਜ਼ਰ ਸਨ।

## ਡਿਪਟੀ ਕਮਿਸ਼ਨਰ ਵੱਲੋਂ ਕਣਕ ਦੀ ਚੁਕਾਈ ਅਤੇ ਅਨਲੋਡਿੰਗ ਦਾ ਜਾਇਜ਼ਾ ਲੈਣ ਲਈ ਭਿੱਖੀਵਿੰਡ ਵਿਖੇ ਬਣੇ ਗੋਦਾਮਾਂ ਦਾ ਦੌਰਾ



**ਤਰਨ ਤਾਰਨ/ਰਵੀਕਰਨ**

ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਕੁਲਵੰਤ ਸਿੰਘ ਵੱਲੋਂ ਅੱਜ ਮੰਡੀਆਂ ਵਿੱਚੋਂ ਖਰੀਦ ਕੀਤੀ ਗਈ ਕਣਕ ਦੀ ਚੁਕਾਈ ਅਤੇ ਅਨਲੋਡਿੰਗ ਦਾ ਜਾਇਜ਼ਾ ਲੈਣ ਲਈ ਭਿੱਖੀਵਿੰਡ ਵਿਖੇ ਬਣੇ ਗੋਦਾਮਾਂ ਦਾ ਦੌਰਾ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਸ੍ਰੀ ਸੁਖਜਿੰਦਰ ਸਿੰਘ ਅਤੇ ਜ਼ਿਲ੍ਹਾ ਮੈਨੇਜਰ ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਸ਼੍ਰੀਮਤੀ ਜੀ. ਕੇ. ਬੋਪਾਰਾਏ ਤੋਂ ਇਲਾਵਾ ਹੋਰ ਅਧਿਕਾਰੀ ਵੀ ਉਹਨਾਂ ਦੇ ਨਾਲ ਸਨ। ਇਸ ਮੌਕੇ ਉਹਨਾਂ ਖਰੀਦ ਏਜੰਸੀਆਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਮੰਡੀਆਂ ਵਿੱਚੋਂ ਖਰੀਦ ਕੀਤੀ ਗਈ ਕਣਕ ਦੀ ਚੁਕਾਈ ਨਾਲੋਂ-ਨਾਲ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਕਣਕ ਦੀ ਆਮਦ ਵਿੱਚ ਕੋਈ ਦਿੱਕਤ ਨਾ ਆਵੇ। ਇਸ ਮੌਕੇ ਉਹਨਾਂ ਸਬੰਧਤਿ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਗੋਦਾਮਾਂ ਵਿੱਚ ਕਣਕ ਦੇ ਭਰੇ ਟਰੱਕਾਂ ਦੀ ਅਨਲੋਡਿੰਗ ਸੁਚੱਜੇ ਢੰਗ ਨਾਲ ਕਰਾਉਣ ਲਈ ਢੁਕਵੀਂ ਵਿਵਸਥਾ ਬਣਾਈ ਜਾਵੇ ਤਾਂ ਜੋ ਸਮੇਂ ਸਿਰ ਕਣਕ ਦੀ ਅਨਲੋਡਿੰਗ ਹੋ ਸਕੇ ਅਤੇ ਟਰੱਕਾਂ ਨੂੰ ਅਨਲੋਡਿੰਗ ਕਰਨ ਵਿੱਚ ਜ਼ਿਆਦਾ ਉਡੀਕ ਨਾ ਕਰਨੀ ਪਵੇ।

## ਯੂਕੋ ਬੈਕ ਬ੍ਰਾਂਚ ਦੇ ਨਵਨਿਯੁਕਤ ਮੈਨੇਜਰ ਪੰਕਜ ਠਾਕੁਰ ਨੂੰ ਸਨਮਾਨਿਤ ਕੀਤਾ



**ਨੰਗਲ/ਲੋਕ ਬਾਣੀ**

ਨੇੜਲੇ ਪਿੰਡ ਭਲਾਣ ਵਿਖੇ ਯੂਕੋ ਬੈਕ ਬ੍ਰਾਂਚ ਦੇ ਨਵਨਿਯੁਕਤ ਮੈਨੇਜਰ ਪੰਕਜ ਠਾਕੁਰ ਵਲੋਂ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਵਧੀਆ ਸੇਵਾਵਾਂ ਕਾਰਨ ਪਿੰਡ ਦੀ ਪੰਚਾਇਤ ਅਤੇ ਮੋਹਤਵਰਾਂ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪੰਚ ਅਮਨਦੀਪ ਸੰਜੂ ਸ਼ਰਮਾ ਨੇ ਦੱਸਿਆ ਕਿ ਪੰਕਜ ਠਾਕੁਰ ਦੇ ਬਤੌਰ ਬੈਕ ਮੈਨੇਜਰ ਆਉਣ ਤੇ ਲੋਕਾਂ ਨੂੰ ਬੈਕ ਵਲੋਂ ਦਿੱਤੀਆਂ ਜਾਣ ਵਾਲੀਆਂ ਤਮਾਮ ਸਹੂਲਤਾਂ ਦਾ ਲਾਭ ਦੇਣ ਲਈ ਜਾਗਰੂਕ ਕਰਕੇ ਲਾਭ ਦਿੱਤਾ ਜਾ ਰਿਹਾ ਹੈ। ਇਸ ਮੌਕੇ ਅਮਨਦੀਪ ਸੰਜੂ ਸਰਪੰਚ, ਸਾਬਕਾ ਸਰਪੰਚ ਕਮਲ ਰਾਣਾ, ਬਲਾਕ ਸੰਮਤੀ ਮੈਂਬਰ ਰਾਜੇਸ਼ ਪੁਰੀ, ਪ੍ਰੇਮ ਕੁਮਾਰ, ਪਿੰਕੀ ਤੂਰ, ਨਰੇਸ਼ ਪੁਰੀ ਆਦਿ ਹਾਜ਼ਰ ਸਨ।

## ਡੈਮ ਅਧਿਕਾਰੀਆਂ ਵੱਲੋਂ ਵਿਸਵਾਸ ਡੈਮ ਮੁਲਾਜਮਾਂ ਦੀ ਤਨਖਾਹ ਵਿੱਚ ਨਹੀਂ ਹੋਵੇਗੀ ਦੇਰੀ : ਜੰਡੀਰ, ਬੜੋਈ



**ਪਠਾਨਕੋਟ/ਸਾਹਪੁਰ ਕੰਢੀ/ਸੁੱਖਵਿੰਦਰ ਜੰਡੀਰ**

ਇੰਪਲਾਈਜ ਐਂਡ ਮਜਦੂਰ ਯੂਨੀਅਨ ਆਰ. ਐਸ.ਡੀ ਪੰਜਾਬ ਦੀ ਵਿਸੇਸ ਮੀਟਿੰਗ ਤਰਸੇਮ ਸਿੰਘ ਬੜੋਈ ਸਰਪੰਚ ਦੀ ਅਗਵਾਈ ਹੇਠ ਹੋਈ, ਮੀਟਿੰਗ ਵਿੱਚ ਡੈਮ ਮੁਲਾਜਮਾਂ ਦੀ ਮਾਰਚ ਮਹੀਨੇ ਦੀ ਤਨਖਾਹ ਜੋ ਕੇ ਅਜੇ ਤੱਕ ਮੁਲਾਜਮਾਂ ਨੂੰ ਨਹੀਂ ਦਿੱਤੀ ਗਈ , ਦੇ ਸਬੰਧ ਵਿੱਚ ਗੱਲਬਾਤ ਕੀਤੀ ਗਈ , ਅਮਰਜੀਤ ਸਿੰਘ ਜੰਡੀਰ ਪ੍ਰਧਾਨ ਨੇ ਕਿਹਾ ਕਿ ਮਹਿੰਗਾਈ ਦੇ ਦੌਰ ਅਤੇ ਕਰੋਨਾ ਜੈਸੀ ਭਿਆਨਕ ਬੀਮਾਰੀ ਦੇ ਚੱਲਦੇ ਸਮੇਂ ਇਸ ਵਕਤ ਵਰਕਰ ਪਹਿਲੇ ਹੀ ਪਰੇਸਾਨ ਹਨ , ਅਤੇ ਪ੍ਰਸਾਸਨ ਵੱਲੋਂ ਤਨਖਾਹ ਵਿੱਚ ਦੇਰੀ ਕਰਕੇ ਮੁਲਾਜਮਾਂ ਨੂੰ ਹੋਰ ਮੁਸਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ , ਇਸ ਮੌਕੇ ਤੇ ਤਰਸੇਮ ਸਿੰਘ ਬੜੋਈ ਸਰਪੰਚ ਵੱਲੋਂ ਮੁਲਾਜਮਾਂ ਦੀ ਤਨਖਾਹ ਦੇ ਸੰਬੰਧ ਵਿੱਚ ਡੈਮ ਅਧਿਕਾਰੀਆਂ ਦੇ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਬਹੁਤ ਜਲਦ ਮੁਲਾਜਮਾਂ ਦੀ ਤਨਖਾਹ ਸੁਰੂ ਕੀਤੀ ਜਾ ਰਹੀ ਹੈ , ਉਨਾ ਕਿਹਾ ਮੁੱਖ ਦਫਤਰ ਤੋਂ ਮੁਲਾਜਮਾਂ ਦੀ ਤਨਖਾਹ ਸਬੰਧੀ ਲੈਟਰ ਜਾਰੀ ਕੀਤੇ ਗਏ ਹਨ , ਅਤੇ ਤਨਖਾਹਾਂ ਵਿਚ ਬਹੁਤ ਦੇਰੀ ਨਹੀਂ ਹੋਵੇਗੀ , ਇਸ ਮੌਕੇ ਤੇ ਤਰਸੇਮ ਸਿੰਘ ਬੜੋਈ ਸਰਪੰਚ, ਅਮਰਜੀਤ ਸਿੰਘ ਜੰਡੀਰ ਪ੍ਰਧਾਨ, ਗਿਆਨ ਸਿੰਘ ਸੀਨੀਅਰ ਮੀਤ ਪ੍ਰਧਾਨ , ਰਾਕੇਸ ਮੰਟਾ ਚੇਅਰਮੈਨ, ਪ੍ਰਕਾਸ ਸਿੰਘ ਗੋਰਾ ਕਾਰਜਕਾਰੀ ਪ੍ਰਧਾਨ, ਬਾਬਾ ਬਲਬੀਰ ਸਿੰਘ ਨਾਮਧਾਰੀ ਮੀਤ ਪ੍ਰਧਾਨ, ਹਰਮੀਤ ਸਿੰਘ ਆਦਿ ਹਾਜਰ ਸਨ।

# ਕਲੱਸਟਰ ਚੋਹਲਾ ਸਾਹਿਬ ਅਤੇ ਸਰਹਾਲੀ ਦੀ ਨਵੇਂ ਦਾਖਲੇ ਲਈ ਅਧਿਆਪਕ ਸਹਿਬਾਨ ਦੀ ਕੀਤੀ ਮੀਟਿੰਗ



**ਚੋਹਲਾ ਸਾਹਿਬ/ਸਰਹਾਲੀ/ਰਵੀਕਰਨ**

ਸਿੱਖਿਆ ਵਿਭਾਗ ਵੱਲੋਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਦਾਖਲੇ ਵਧਾਉਣ ਲਈ ਅਧਿਆਪਕ ਸਹਿਬਾਨ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ । ਇਸੇ ਤਹਿਤ ਬਲਾਕ ਚੋਹਲਾ ਸਾਹਿਬ ਦੇ ਅਧਿਆਪਕ ਸਹਿਬਾਨ ਨੂੰ ਬਲਾਕ ਐਲੀਮੈਂਟਰੀ ਸਿੱਖਿਆ ਅਫਸਰ ਸ੍. ਜਸਵਿੰਦਰ ਸਿੰਘ ਸੰਧੂ ਵੱਲੋਂ ਕਲੱਸਟਰ ਵਾਈਜ ਮੀਟਿੰਗਾਂ ਕਰਕੇ ਨਵੇਂ ਦਾਖਲੇ ਦਾ ਰੀਵਿਊ ਕੀਤਾ ਜਾ ਰਿਹਾ ਹੈ ਕਲੱਸਟਰ ਚੋਹਲਾ ਸਾਹਿਬ ਅਤੇ ਸਰਹਾਲੀ ਦੇ ਅਧਿਆਪਕ ਸਹਿਬਾਨ ਨੂੰ ਨਵੇਂ ਦਾਖਲੇ ਸੰਬੰਧੀ ਪ੍ਰੇਰਿਤ ਕਰਨ ਦੇ ਮੰਤਵ ਨਾਲ ਸੈਂਟਰ ਹੈੱਡ ਟੀਚਰ ਚੋਹਲਾ ਸਾਹਿਬ ਮੈਡਮ ਲਖਬੀਰ ਕੌਰ ਅਤੇ ਸੈਂਟਰ ਹੈੱਡ ਟੀਚਰ ਸ੍ ਰਛਪਾਲ ਸਿੰਘ ਦੀ ਰਹਿਨੁਮਾਈ ਹੇਠ ਕਲੱਸਟਰ ਦੇ ਸਾਰੇ ਸਕੂਲ ਮੁਖੀਆਂ ਅਤੇ ਅਧਿਆਪਕ ਸਹਿਬਾਨ ਦੀ ਮੀਟਿੰਗ ਕੀਤੀ ਗਈ ਇਸ ਮੌਕੇ ਬਲਾਕ ਐਲੀਮੈਂਟਰੀ ਸਿੱਖਿਆ ਅਫਸਰ ਸ੍ ਜਸਵਿੰਦਰ ਸਿੰਘ ਸੰਧੂ ਨੇ ਨਵੇਂ ਦਾਖਲੇ ਦਾ ਰੀਵਿਊ ਕੀਤਾ ਅਤੇ ਘੱਟ ਗਿਣਤੀ ਵਾਲੇ ਸਕੂਲਾਂ ਦੇ ਸਕੂਲ ਮੁਖੀਆਂ ਅਤੇ ਅਧਿਆਪਕ ਸਹਿਬਾਨ ਨੂੰ ਆਪਣੇ ਸਕੂਲਾਂ ਦੀ ਗਿਣਤੀ ਵਧਾਉਣ ਲਈ ਪ੍ਰੇਰਿਤ ਕੀਤਾ । ਇਸ ਮੌਕੇ ਉਹਨਾਂ ਕਲੱਸਟਰ ਸਰਹਾਲੀ ਅਤੇ ਪੱਖੋਪੁਰ ਦੇ ਜ਼ਿਲ੍ਹੇ ਭਰ ਵਿੱਚੋਂ ਪਹਿਲੀਆਂ ਪੁਜੀਸਨਾ ਹਾਸਲ ਕਰਨ ਤੇ ਉਹਨਾਂ ਦੀ ਪ੍ਰਸੰਸਾ ਕਰਦਿਆਂ ਸਮੂਹ ਸਕੂਲ ਮੁਖੀਆਂ ਨੂੰ ਉਹਨਾਂ ਦੇ ਨਕਸ਼ੇ ਕਦਮ ਤੇ ਚੱਲਣ ਲਈ ਪ੍ਰੇਰਿਤ ਕੀਤਾ । ਉਹਨਾਂ ਇਸਦੇ ਨਾਲ ਹੀ ਲਾਕ ਡਾਊਨ ਦੇ ਸਮੇਂ ਦੌਰਾਨ ਵਿਦਿਆਰਥੀਆਂ ਨੂੰ ਸਿੱਖਿਆ ਵਿਭਾਗ ਵੱਲੋਂ ਭੇਜੀਆਂ ਜਾਂਦੀਆਂ ਸਲਾਈਡਾਂ ਤੋਂ ਕੰਮ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ ਇਸ ਮੌਕੇ ਬੋਲਦਿਆਂ ਸ੍ ਰਛਪਾਲ ਸਿੰਘ ਨੇ ਸਮੂਹ ਸਕੂਲ ਮੁਖੀਆਂ ਨੂੰ ਇੰਜ ਹੀ ਮਦਦ ਕਰਨ ਲਈ ਪ੍ਰੇਰਿਤ ਕਰਦਿਆਂ ਕਲੱਸਟਰ ਨੂੰ ਪਹਿਲੇ ਨੰਬਰ ਤੇ ਰੱਖਣ ਲਈ ਸਮੂਹ ਐਚ ਟੀ ਸਹਿਬਾਨ ਨੂੰ ਤਾਕੀਦ ਕੀਤੀ।ਇਸ ਰੀਵਿਊ ਮੀਟਿੰਗ ਵਿੱਚ ਸਕੂਲ ਮੁਖੀ ਪਰਮਿੰਦਰ ਕੌਰ ਸਰਹਾਲੀ, ਸਤਿੰਦਰ ਸਿੰਘ, ਪਰਮਿੰਦਰ ਕੌਰ ਸਕਰੀ, ਰਾਜਵਿੰਦਰ ਕੌਰ ਠੱਠਾ, ਸੰਦੀਪ ਕੌਰ ਕੋਟ ਦਾਤਾ, ਗੁਰਪ੍ਰੀਤ ਕੌਰ ਸੁਹਾਵਾ, ਗੁਰਵਿੰਦਰ ਸਿੰਘ, ਦਲਜੀਤ ਕੌਰ, ਇੰਦਰਦੀਪ ਸਿੰਘ, ਨਿਸ਼ਾ ਬਤਰਾ, ਅਮਨਦੀਪ ਕੌਰ ਮੋਹਨਪੁਰ, ਹਰਵਿੰਦਰ ਸਿੰਘ ਬ੍ਰਹਮਪੁਰਾ, ਕਰਮਜੀਤ ਕੌਰ ਵੜਿੰਗ , ਤੇਜਿੰਦਰ ਕੌਰ ਅਤੇ ਸਮੂਹ ਅਧਿਆਪਕ ਸਹਿਬਾਨ ਹਾਜਰ ਸਨ । ਇਸ ਮੌਕੇ ਬੀ ਐਮ ਟੀ ਸ੍ ਕਰਮਜੀਤ ਸਿੰਘ ਨੇ ਕਲੱਸਟਰ ਸਰਹਾਲੀ ਅਤੇ ਚੋਹਲਾ ਸਾਹਿਬ ਦੀ ਪ੍ਰਗਤੀ ਰਿਪੋਰਟ ਪੇਸ਼ ਕੀਤੀ ।

# ਪੰਚਾਇਤ ਸਕੱਤਰ ਨੂੰ ਪਿਛਲੇ 6 ਮਹੀਨਿਆਂ ਤੋਂ ਤਨਖ਼ਾਹ ਦੀ ਉਡੀਕ 'ਚ : ਬਹਾਦਰ ਸਮਾਣਾ

**ਮੋਰਿੰਡਾ/ਜਗਮੋਹਨ ਭਾਰਦਵਾਜ਼**



ਪਿੱਛਲੇ ਲਗਭੱਗ 6 ਮਹੀਨਿਆਂ ਤੋਂ ਪੰਚਾਇਤ ਸਕੱਤਰਾਂ ਨੂੰ ਅਪਣੀ ਤਨਖ਼ਾਹ ਦੀ ਉਡੀਕ ਕਰਦਿਆਂ ਨੂੰ ਹੋ ਗਏ ਹਨ,ਪ੍ਰੰਤੂ ਹੁਣ ਤੱਕ ਮਹਿਕਮੇ ਵਲੋਂ ਉਨਾਂ ਦੀ ਤਨਖ਼ਾਹ ਜਾਰੀ ਨਹੀਂ ਕੀਤੀ ਗਈ,ਜਿਸ ਦੇ ਚਲਦਿਆਂ ਪੰਚਾਇਤ ਸਕੱਤਰ ਨੂੰ ਘਰ ਦਾ ਖਰਚਾ ਚਲਾਉਣਾ ਮੁਸਕਿਲ ਹੋਇਆ ਪਿਆ ਹੈ ਤੇ ਕਰਜੇ ਦੀ ਮਾਰ ਝੱਲ ਰਹੇ ਹਨ। ਪੰਚਾਇਤ ਸਕੱਤਰ ਬਹਾਦਰ ਸਿੰਘ ਸਮਾਣਾ ਪ੍ਰਧਾਨ ਪੰਚਾਇਤ ਸਕੱਤਰ ਯੂਨੀਅਨ ਬਲਾਕ ਮੋਰਿੰਡਾ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਪੰਚਾਇਤ ਸਕੱਤਰਾਂ ਵਲੋਂ ਪੰਜਾਬ ਸਰਕਾਰ ਵਿੑਰੁਧ ਨਾਹਰੇਬਾਜ਼ੀ ਕਰਕੇ ਅਪਣਾਂ ਰੋਸ਼ ਜਾਹਿਰ ਕੀਤਾ ਗਿਆ ਸੀ, ਜਿਸਤੋਂ ਬਾਅਦ ਸਰਕਾਰ ਵਲੋਂ ਸਿਰਫ਼ ਇੱਕ ਤਨਖ਼ਾਹ ਹੀ ਜਾਰੀ ਕੀਤੀ ਹੈ, ਜਿਸ ਨਾਲ ਗੁਜ਼ਾਰਾ ਕਰਨਾ ਮੁਸਕਿਲ ਹੈ, ਜਦਕਿ 6 ਮਹੀਨਿਆਂ ਦੀ ਤਨਖ਼ਾਹ ਸਰਕਾਰ ਵੱਲ ਬਕਾਇਆ ਖੜੀ ਹੈ। ਬਹਾਦਰ ਸਿੰਘ ਸਮਾਣਾ ਨੇ ਦੱਸਿਆ ਕਿ ਤਨਖਾਹਾਂ ਨਾ ਮਿਲਣ ਕਾਰਨ ਉਹ ਲੋਨ ਦੀਆਂ ਕਿਸ਼ਤਾਂ ਭਰਨ 'ਚ ਵੀ ਅਸਮਰਥ ਹਨ। ਉਨਾਂ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਪੰਚਾਇਤ ਸਕੱਤਰਾਂ ਦੀ ਤਨਖ਼ਾਹ ਪਹਿਲ ਦੇ ਅਧਾਰ 'ਤੇ ਜੀਰੀ ਨਾ ਕੀਤੀ ਤਾਂ ਸੂਬੇ ਭਰ 'ਚ ਪੰਚਾਇਤ ਸਕੱਤਰ ਹੜਤਾਲ 'ਤੇ ਚਲੇ ਜਾਣਗੇ ਅਤੇ ਪਿੰਡਾਂ 'ਚ ਚੱਲ ਰਹੇ ਵਿਕਾਸ ਕਾਰਜ ਠੱਪ ਹੋ ਜਾਣਗੇ। ਇਸ ਸਬੰਧੀ ਬੀ. ਡੀ. ਪੀ. ਓ. ਹਰਕੀਤ ਸਿੰਘ ਨੇ ਕਿਹਾ ਕਿ ਸਾਡੇ ਵਲੋਂ ਉੱਚ ਅਧਿਕਾਰੀਆਂ ਨੂੰ ਲਿਖ ਕੇ ਭੇਜਿਆ ਜਾ ਚੁੱਕਾ ਹੈ, ਜਲਦ ਹੀ ਤਨਖ਼ਾਹ ਜਾਰੀ ਹੋ ਜਾਣ ਦੀ ਉਮੀਦ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਚਾਇਤ ਸਕੱਤਰ ਜਗਮੋਹਨ ਸਿੰਘ ਚਰਹੇੜੀ, ਉਧਮ ਸਿੰਘ, ਜਗਮੋਹਣ ਸਿੰਘ ਖਰੜ, ਸੁਕਰਮਣ ਸਿੰਘ, ਮੋਹਿਤ ਕੁਮਾਰ, ਪ੍ਰਿੰਸ ਪਟਵਾਰੀ, ਕੇਸਰ ਸਿੰਘ ਸੇਵਾਦਾਰ, ਸੁਖਪਾਲ ਸਿੰਘ ਡਰਾਇਵਰ ਅਤੇ ਦਿਲਪ੍ਰੀਤ ਸਿੰਘ ਕਲਰਕ ਆਦਿ ਕਰਮਚਾਰੀ ਹਾਜ਼ਰ ਸਨ।

# ਫਿਲਵਾਂ ਪੁਲਿਸ ਵੱਲੋਂ ਡੀ. ਸੀ. ਦੇ ਹੁਕਮਾਂ ਦੀ ਉਲੰਘਣਾ ਕਰਨ ਤੇ ਇੱਕ ਵਿਅਕਤੀ ਤੇ ਕੇਸ ਦਰਜ

**ਕਪੂਰਥਲਾ/ਫਿਲਵਾਂ/ਲੋਕ ਬਾਣੀ**

ਥਾਣਾ ਫਿਲਵਾਂ ਦੀ ਪੁਲਿਸ ਨੇ ਡਿਪਟੀ ਕਮਿਸ਼ਨਰ ਕਪੂਰਥਲਾ ਦੇ ਹੁਕਮਾਂ ਦੀ ਉਲੰਘਣਾ ਕਰਨ ਤੇ ਇੱਕ ਵਿਅਕਤੀ ਤੇ ਕੇਸ ਦਰਜ ਕੀਤਾ ਹੈ। ਥਾਣਾ ਮੁਖੀ ਸਬ ਇੰਸਪੈਕਟਰ ਹਰਜਿੰਦਰ ਸਿੰਘ ਅਤੇ ਏ.ਐਸ.ਆਈ.ਮੂਰਤਾ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਮਿਆਣੀ ਬਾਕਰਪੁਰ ਪੁੱਜੀ ਤਾਂ ਬਲਵਿੰਦਰ ਸਿੰਘ ਆਪਣੀ ਦੁਕਾਨ ਖੋਲ ਕੇ ਬੈਠਾ ਸੀ ਜਿਸ ਨੂੰ ਐਤਵਾਰ ਪੂਰਾ ਲਾਕ ਡਾਊਨ ਹੋਣ ਬਾਰੇ ਪੁੱਛਿਆ ਤਾਂ ਜੋ ਕੋਈ ਤਸੱਲੀਬਖਸ਼ ਜੁਆਬ ਨਹੀ ਦੇ ਸਕਿਆ , ਜਿਸ ਨੂੰ ਨਾਮ ਪਤਾ ਪੁੱਛਣ ਤੇ ਆਪਣਾ ਨਾਮ ਬਲਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਮਿਆਣੀ ਬਾਕਰਪੁਰ ਥਾਣਾ ਫਿਲਵਾਂ ਦੱਸਿਆ । ਜਿਸ ਨੇ ਮਾਨਯੋਗ ਡਿਪਟੀ ਕਮਿਸ਼ਨਰ ਕਪੂਰਥਲਾ ਦੇ ਹੁਕਮਾਂ ਦੀ ਉਲੰਘਣਾ ਕੀਤੀ ਹੈ। ਥਾਣਾ ਫਿਲਵਾਂ ਦੀ ਪੁਲਿਸ ਨੇ ਡਿਪਟੀ ਕਮਿਸ਼ਨਰ ਦੇ ਹੁਕਮਾਂ ਦੀ ਉਲੰਘਣਾ ਕਰਨ ਤੇ ਬਲਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਮਿਆਣੀ ਬਾਕਰਪੁਰ ਵਿਰੁੱਧ ਕੇਸ ਦਰਜ ਕਰਕੇ ਬਰ ਜਮਾਨਤ ਤੇ ਰਿਹਾ ਕਰ ਦਿੱਤਾ ਹੈ।

# ਦਾਣਾ ਮੰਡੀਆਂ 'ਚ ਕਣਕ ਦੇ ਲੱਗੇ ਅੰਬਾਰ ਕਿਸਾਨ ਆੜ੍ਹਤੀਏ ਪ੍ਰੇਸ਼ਾਨ : ਭੁੱਲਰ

**ਪੱਟੀ/ਰਵੀਕਰਨ**



ਅਨਾਜ ਮੰਡੀਆ ਚ ਬਾਰਦਾਨਾ ਨਾ ਹੋਣ ਕਾਰਨ ਕਣਕ ਦੀ ਖਰੀਦ ਦਾ ਕੰਮ ਕਛੂਏ ਦੀ ਚਾਲ ਕਿਸਾਨ ਮੰਡੀਆ ਚ ਰੁਲਣ ਨੂੰ ਮਜਬੂਰ ਸੂਬਾ ਸਰਕਾਰ ਦੇ ਫਸਲ ਖਰੀਦਣ ਦੇ ਵਾਅਦੇ ਹੋਏ ਵਫਾ ਸਰਕਾਰ ਹਰ ਫਰੰਟ ਤੇ ਫੇਲ੍ਹ ਇਹਨਾ ਸ਼ਬਦਾ ਦਾ ਪ੍ਰਗਟਾਵਾ ਪੱਟੀ ਤੋ ਆਮ ਆਦਮੀ ਪਾਰਟੀ ਦੇ ਜਿਲਾ ਯੂਥ ਪ੍ਰਧਾਨ ਲਾਲਜੀਤ ਸਿੰਘ ਭੁੱਲਰ ਨੇ ਕੀਤਾ ਉਹਨਾ ਆਖਿਆ ਕਿ ਕੈਪਟਨ ਸਰਕਾਰ ਦੇ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦੇ ਇੱਕ ਇੱਕ ਕਰਕੇ ਸਾਰੇ ਵਫਾ ਹੋ ਰਹੇ ਸੂਬਾ ਸਰਕਾਰ ਤੇ ਪੱਟੀ ਦੇ ਹਲਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਨੇ ਕਿਸਾਨਾਂ ਨੂੰ ਆਖਿਆ ਕਿ ਕਿਸਾਨਾਂ ਦੀ ਫਸਲ ਦਾ ਇੱਕ ਇੱਕ ਦਾਣਾ ਖਰੀਦਿਆ ਜਾਵੇਗਾ ਪਰ ਜਮੀਨੀ ਹਕੀਕਤ ਤੇ ਕਿਸਾਨ ਮੰਡੀਆ ਚ ਬਾਰਦਾਨੇ ਦੀ ਘਾਟ ਕਾਰਨ ਮੰਡੀਆ ਚ ਰੁਲ ਰਿਹਾ ਹੈ ਅਨਾਜ ਮੰਡੀਆ ਕੱਚੀਆ ਤੇ ਬਰਸਾਤ ਦੇ ਮੌਸਮ ਚ ਸਰਕਾਰ ਤੇ ਮੰਡੀ ਬੋਰਡ ਵੱਲੋ ਕਿਸਾਨਾਂ ਦੀਆਂ ਫਸਲ ਸਾਭਣ ਦੇ ਪੁਖਤਾ ਪ੍ਰਬੰਧ ਨਾ ਹੋਣ ਕਾਰਨ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਫਸਲ ਮੀਹ ਦੀ ਭੇਟ ਚੜੀ ਅਨਾਜ ਮੰਡੀਆ ਚੋ ਕਣਕ ਲਿਫਟਿੰਗ ਨਾ ਹੋਣ ਕਾਰਨ ਬੋਰੀਆ ਦੇ ਅੰਬਾਰ ਲੱਗੇ ਵਿਧਾਇਕ ਬੰਦ ਕਮਰੇ ਚ ਵਿਕਾਸ ਦੇ ਦਾਅਵੇ ਕਰ ਰਿਹਾ ਇੱਕ ਵਾਰ ਮੰਡੀਆ ਚ ਆ ਕੇ ਵਿਕਾਸ ਤਾ ਵਿਖਾਵੇ ਸੂਬਾ ਸਰਕਾਰ ਵਲੋਂ ਫਸਲ ਦੀ ਅਦਾਇਗੀ 48 ਘੰਟਿਆਂ ਦੇ ਅੰਦਰ ਅੰਦਰ ਹੋਵੇਗੀ ਖਰੀਦ ਸ਼ੁਰੂ ਹੋਈ ਨੂੰ ਕਈ ਦਿਨ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਕਿਸਾਨਾਂ ਦੇ ਖਾਤਿਆਂ ਵਿੱਚ ਧੇਲਾ ਨਹੀ ਆਇਆ ਇਨਸਪੈਕਟਰ ਮੰਡੀਆਂ ਵਿਚ ਨਹੀਂ ਆ ਰਹੇ ਦਫਤਰਾਂ ਏ ਸੀ ਕਮਰਿਆਂ ਚ ਬੈਠ ਕੇ ਕਿਸਾਨ ਖਿਲਾਫ ਕਾਰਵਾਈ ਚ ਰੁਕਾਵਟ ਦੱਸ ਕੇ ਸਿਆਸੀ ਦਬਾਅ ਹੇਠ ਕਿਸਾਨ ਗੁਰਤਾਰ ਸਿੰਘ ਖਿਲਾਫ ਝੂਠਾ ਪਰਚਾ ਦਰਜ ਕਰਵਾਇਆ ਗਿਆ। ਮੋਦੀ ਤੇ ਕੈਪਟਨ ਦੋਵੇ ਅੰਦਰੋ ਆਪਸ ਵਿਚ ਮਿਲੇ ਹੋਏ ਹਨ ਜਾਣਬੁਝ ਕੇ ਕਿਸਾਨਾਂ ਨੂੰ ਖੱਜਰ ਖੁਆਰ ਕੀਤਾ ਜਾ ਰਿਹਾ ਹੈ ਕਰੋਨਾ ਦੀ ਆੜ ਚ ਸਰਕਾਰਾਂ ਕਿਸਾਨੀ ਅੰਦੋਲਨ ਨੂੰ ਤਾਰੋਪੀਡ ਕਰਨ ਦੀਆਂ ਚਾਲਾ ਚੱਲ ਰਹੀਆ ਹਨ ਜਿਹੜੀਆ ਕਿਸੇ ਕੀਮਤ ਤੇ ਕਾਮਯਾਬ ਨਹੀ ਹੋਣਗੀਆ ਕਾਂਗਰਸ ਨੇ ਚੋਣਾਂ ਦੌਰਾਨ ਪੰਜਾਬ ਚ 3 ਰੁਪੈ ਬਿਜਲੀ ਯੂਨਿਟ ਦੇਣ ਦਾ ਦਾਅਵਾ ਕੀਤਾ ਸੀ ਪਰ ਕੈਪਟਨ ਨੇ ਬਿਜਲੀ ਕੰਪਨੀਆ ਨਾਲ ਸੰਧੀ ਕਰਕੇ ਪੂਰੇ ਭਾਰਤ ਨਾਲੋ ਪੰਜਾਬ ਚ ਬਿਜਲੀ ਮਹਿੰਗੀ ਦੇ ਕੇ ਲੋਕਾਂ ਦਾ ਖੂਨ ਪੀਤਾ ਜਾ ਰਿਹਾ ਹੈ 2022 ਦੀਆਂ ਚੋਣਾਂ ਦੌਰਾਨ ਪੰਜਾਬ ਦੇ ਲੋਕ ਕੈਪਟਨ ਤੋ ਹਿਸਾਬ ਲੈਣਗੇ।

# ਡੀ.ਸੀ ਦਫਤਰ ਸੰਕੇਤਕ ਕਿਸਾਨ ਧਰਨਾ ਅੱਜ 28 ਨੂੰ




**ਗੁਰਦਾਸਪੁਰ/ਨਵਨੀਤ ਕੁਮਾਰ**

ਰੇਲਵੇ ਸਟੇਸ਼ਨ ਦੇ ਪੱਕੇ ਕਿਸਾਨ ਧਰਨੇ ਦੌਰਾਨ ਅੱਜ ਸੁਖਦੇਵ ਸਿੰਘ ਭਾਗੋਕਾਵਾਂ, ਕੁਲਵਿੰਦਰ ਸਿੰਘ ਰਵਾਲ, ਮੱਖਣ ਸਿੰਘ ਕੁਹਾੜ ,ਤਰਲੋਕ ਸਿੰਘ ਬਹਿਰਾਮਪੁਰ, ਅਮਰਜੀਤ ਸਿੰਘ ਸੈਣੀ, ਬਲਬੀਰ ਸਿੰਘ ਕੱਤੋਵਾਲ, ਗੁਰਦੀਪ ਸਿੰਘ ਮੁਸਤਫਾਬਾਦ, ਅਜੀਤ ਸਿੰਘ ਹੁੰਦਲ, ਅਸ਼ੋਕ ਭਾਰਤੀ, ਐਸ ਪੀ ਸਿੰਘ ਗੋਸਲ, ਸੁਖਦੇਵ ਸਿੰਘ ਭੋਜ ਰਾਜ ,ਮੇਜਰ ਸਿੰਘ ਰੋੜਾਂਵਾਲੀ, ਸੰਤੋਖ ਸਿੰਘ, ਕਪੂਰ ਸਿੰਘ ਘੁੰਮਣ ਆਦਿ ਨੇ ਦੱਸਿਆ ਕਿ ਬਾਰਦਾਨੇ ਅਤੇ ਮੰਡੀ ਦੀਆਂ ਹੋਰ ਕਿਸਾਨ ਸਮੱਸਿਆਵਾਂ ਬਾਰੇ ਜੋ ਡੀ ਸੀ ਦਫ਼ਤਰ ਧਰਨਾ ਤਿੰਨ ਮਈ ਨੂੰ ਰੱਖਿਆ ਹੈ ਉਸ ਤੋਂ ਪਹਿਲਾਂ ਕੱਲ੍ਹ 28 ਅਪ੍ਰੈਲ ਨੂੰ ਡੀ ਸੀ ਦਫਤਰ ਸਾਹਮਣੇ 10 ਵਜੇ ਸੰਕੇਤਕ ਧਰਨਾ ਦਿੱਤਾ ਜਾਵੇਗਾ ਇਸ ਤੋਂ ਪਹਿਲਾਂ ਰੇਲਵੇ ਸਟੇਸ਼ਨ ਦੇ ਪੱਕੇ ਮੋਰਚੇ ਤੇ ਇਕੱਤਰ ਹੋ ਕੇ ਮਾਰਚ ਕਰ ਕੇ ਡੀ.ਸੀ ਦਫ਼ਤਰ ਪੁੱਜਿਆ ਜਾਵੇਗਾ।ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਵੱਲੋਂ ਦੱਸਿਆ ਗਿਆ ਕਿ ਅਗਰ ਹੌਲਦਾਰ 28 ਦੇ ਸੰਕੇਤਕ ਧਰਨੇ ਬਾਅਦ ਵੀ ਬਾਰਦਾਨੇ ਅਤੇ ਕਿਸਾਨਾਂ ਦੇ ਖਾਤੇ ਅਦਾਇਗੀਆਂ ਜਾਣ ਦਾ ਮਸਲਾ ਹੱਲ ਨਾ ਕੀਤਾ ਗਿਆ ਤਾਂ 3 ਮਈ ਨੂੰ ਵੱਡਾ ਧਰਨਾ ਹੋਵੇਗਾ ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਵੱਲੋਂ 126 ਵੇਂ ਜਥੇ ਵਜੋਂ ਭੁੱਖ ਹੜਤਾਲ ਰੱਖੀ ਜਿਸ ਵਿੱਚ ਬਲਬੀਰ ਸਿੰਘ ਕੱਤੋਵਾਲ ,ਗੁਰਚਰਨ ਸਿੰਘ ਸਿੱਧਪੁਰ, ਤਰਸੇਮ ਮਸੀਹ ਸਿੱਧਪੁਰ ਆਦਿ ਨੇ ਹਿੱਸਾ ਲਿਆ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਲਖਵਿੰਦਰ ਸਿੰਘ ਸੋਹਲ, ਸੱਜਣ ਸਿੰਘ ਰਊਵਾਲ, ਕਰਨੈਲ ਸਿੰਘ ਭੁੱਲੇਚੱਕ, ਮਹਿੰਦਰ ਸਿੰਘ ਲੱਖਣ ਖੁਰਦ, ਮਲਕੀਅਤ ਸਿੰਘ ਬੁੱਢਾ ਕੋਟ, ਦਰਸ਼ਨ ਸਿੰਘ ਆਦਿ ਵੀ ਹਾਜ਼ਰ ਸਨ।

# ਭਾਈ ਘਨ੍ਹਈਆ ਜੀ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਭਾਈ ਇਕਬਾਲ ਸਿੰਘ ਸਮੇਤ ਕਿਸਾਨੀ ਸ਼ੰਘਰਸ਼ ’ਚ ਸ਼ਾਮਿਲ ਨੌਜਵਾਨਾਂ ਦੀ ਰਿਹਾਈ ਦਾ ਜ਼ੋਰਦਾਰ ਸਵਾਗਤ

**ਲੁਧਿਆਣਾ/ਸੁਖਚੈਨ ਮਹਿਰਾ**



ਭਾਈ ਘਨ੍ਹਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਲਾਲ ਕਿਲ੍ਹਾ ਹਿੰਸਾ ਮਾਮਲੇ ਵਿੱਚ ਗ੍ਰਿਫਤਾਰ ਭਾਈ ਇਕਬਾਲ ਸਿੰਘ ਸਮੇਤ ਕਈ ਹੋਰ ਪ੍ਰਮੁੱਖ ਨੌਜਵਾਨਾਂ ਨੂੰ ਬੀਤੀ ਰਾਤ ਦਿੱਲੀ ਦੀ ਤਿਹਾੜ ਜੇਲ ਤੋਂ ਜਮਾਨਤ ਤੇ ਰਿਹਾ ਹੋਣ ਦਾ ਜ਼ੋਰਦਾਰ ਸ਼ਬਦਾਂ ਵਿੱਚ ਸਵਾਗਤ ਕੀਤਾ ਹੈ। ਇਸ ਸਬੰਧੀ ਪ੍ਰੈਸ ਨਾਲ ਗੱਲਬਾਤ ਕਰਦਿਆਂ ਜੱਥੇਦਾਰ ਨਿਮਾਣਾ ਨੇ ਕਿਹਾ ਕਿ ਸਿੱਖਾਂ ਨੇ ਹਮੇਸ਼ਾ ਹੀ ਦੇਸ਼ ਦੀ ਖਾਤਰ ਕੁਰਬਾਨੀਆਂ ਦੇਣ ਵਿੱਚ ਆਪਣਾ ਮੋਹਰੀ ਯੋਗਦਾਨ ਪਾਇਆ ਹੈ ,ਖਾਸ ਕਰਕੇ ਦੇਸ ਦੀ ਰੱਖਿਆ ਅਤੇ ਆਜਾਦੀ ਦੀ ਲੜਾਈ ਵਿੱਚ ਵੱਡੀਆਂ ਕੁਰਬਾਨੀਆਂ ਦੇ ਕੇ ਸਿੱਖਾਂ ਨੇ ਇਤਿਹਾਸ ਸਿਰਜਿਆ ਹੈ।ਪਰ ਦੂਜੇ ਪਾਸੇ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਅੱਖੋਂ ਉਹਲੇ ਕਰਦਿਆਂ ਹੱਕੀ ਮੰਗਾਂ ਲਈ ਸ਼ੰਘਰਸ਼ ਅਤੇ ਕਿਸਾਨੀ ਨੂੰ ਬਚਾਉਣ ਲਈ ਹਾਅ ਦਾ ਨਾਅਰਾ ਮਾਰਨ ਵਾਲੇ ਬੇਕਸੂਰ ਸਿੱਖ ਨੌਜਵਾਨਾਂ ਨੂੰ ਸਮੇ ਦੀ ਸਰਕਾਰ ਨੇ ਝੂਠੇ ਕੇਸ ਦਰਜ ਕਰਕੇ ਦਿੱਲੀ ਦੀ ਤਿਹਾੜ ਜੇਲ ਵਿੱਚ ਨਜਰਬੰਦ ਕੀਤਾ।ਉਸ ਨਾਲ ਕੇਦਰੀ ਸਰਕਾਰ ਦਾ ਸਿੱਖ ਵਿਰੋਧੀ ਚਿਹਰਾ ਸ਼ਪਸ਼ੱਟ ਰੂਪ ਵਿੱਚ ਨੰਗਾ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਜ਼ਬਰ ਦਾ ਮੁਕਾਬਲਾ ਸਬਰ ਨਾਲ ਕਰਨ ਵਾਲੇ ਭਾਈ ਇਕਬਾਲ ਸਿੰਘ ਸਮੇਤ ਸਮੂਹ ਸਿੱਖ ਨੌਜਵਾਨਾਂ ਉਪਰ ਦਰਜ ਕੀਤੇ ਗਏ ਨਜਾਇਜ਼ ਕੇਸ ਤਰੁੰਤ ਰੱਦ ਹੋਣੇ ਚਾਹੀਦੇ ਹਨ ਤਾਂ ਕਿ ਦੇਸ਼ ਅੰਦਰ ਅਮਨ,ਸ਼ਾਤੀ ਅਤੇ ਸਦਭਾਵਨਾ ਵਾਲਾ ਮਾਹੌਲ ਬਣਿਆ ਰਹੇ। ਜੱਥੇਦਾਰ ਨਿਮਾਣਾ ਨੇ ਕਿਹਾ ਕਿ ਭਾਈ ਇਕਬਾਲ ਸਿੰਘ ਸਮੇਤ ਦਿੱਲੀ ਦੀ ਤਿਹਾੜ ਜੇਲ ਵਿਚੋਂ ਜਮਾਨਤ ਤੇ ਰਿਹਾ ਹੋਏ ਪੰਜਾਬ ਦੇ ਸਿੱਖ ਨੌਜਵਾਨਾਂ ਦੀ ਰਿਹਾਈ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਸ.ਮਨਜਿੰਦਰ ਸਿੰਘ ਸਿਰਸਾ ਦਾ ਅਹਿਮ ਯੋਗਦਾਨ ਰਿਹਾ ਹੈ। ਜਿਸ ਦੇ ਲਈ ਸਾਡੀ ਸੁਸਾਇਟੀ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਪ੍ਰਗਟ ਕਰਦੀ ਹੈ। ਇਸ ਤੋ ਪਹਿਲਾਂ ਦੇਰ ਰਾਤ ਦਿੱਲੀ ਦੀ ਤਿਹਾੜ ਜੇਲ ਤੋ ਜਮਾਨਤ ਤੇ ਰਿਹਾ ਹੋ ਕੇ ਬਾਹਰ ਆਏ ਲੁਧਿਆਣਾ ਨਿਵਾਸੀ ਭਾਈ ਇਕਬਾਲ ਸਿੰਘ ਦਾ ਭਾਈ ਘਨ੍ਹਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਅਤੇ ਸ.ਮਨਜਿੰਦਰ ਸਿੰਘ ਸਿਰਸਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੈਕਾਰਿਆਂ ਦੀ ਗੂੰਜ ਵਿੱਚ ਫੁੱਲਾਂ ਦੇ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ।ਇਸ ਸਮੇਂ ਉਨ੍ਹਾਂ ਦੇ ਨਾਲ ਭਾਈ ਇਕਬਾਲ ਸਿੰਘ ਦੀ ਧਰਮ ਪਤਨੀ ਬੀਬੀ ਰਮਿੰਦਰ ਕੌਰ, ਸਪੁੱਤਰੀ ਮਨਜੋਤ ਕੌਰ, ਐਡਵੋਕੇਟ ਵਰਿੰਦਰਪਾਲ ਸਿੰਘ ਸੰਧੂ, ਐਡਵੋਕੇਟ ਤੇਜ ਪ੍ਰਤਾਪ ਸਿੰਘ,ਐਡਵੋਕੇਟ ਨਿਤਿਨ ਕੁਮਾਰ ਵਿਸ਼ੇਸ਼ ਤੌਰ ਤੇ ਹਾਜਰ ਸਨ।

# ਪੰਜਾਬ ਸਰਕਾਰ ਵੱਲੋਂ ਜਨਾਨੀਆਂ ਲਈ ਫਰੀ ਬੱਸ ਸਹੂਲਤ ਔਰਤਾਂ ਲਈ ਬਣੀ ਸਿਰਦਰਦੀ






**ਤਰਨ ਤਾਰਨ/ਸਰਹਾਲੀ ਕਲਾਂ/ਗੁਰਮੀਤ ਸੰਧੂ,ਮਨਜੀਤ ਸੰਧੂ**

ਪੰਜਾਬ ਸਰਕਾਰ ਵੱਲੋਂ ਔਰਤਾਂ ਦੇ ਫਰੀ ਸਫਰ ਲਈ 1/04/2021 ਤੋਂ ਦਿੱਤੀ ਜਾਣ ਵਾਲੀ ਸਹੂਲਤ ਔਰਤਾਂ ਲਈ ਸਿਰਦਰਦੀ ਬਣੀ ਹੋਈ ਹੈ।ਫਰੀ ਸਫਰ ਦੀ ਸਹੂਲਤ ਲੈਣ ਲਈ ਔਰਤਾਂ ਸਰਕਾਰੀ ਬੱਸ ਦੀ ਉਡੀਕ ਚ ਬੱਸ ਸਟੈਂਡ ਤੇ ਕਾਫੀ ਟਾਇਮ ਖੜੀਆਂ ਰਹਿੰਦੀਆਂ ਹਨ। ਪਰ ਜਦੋਂ ਸਰਕਾਰੀ ਬੱਸ ਆਉਦੀਂ ਹੈ ਸਰਕਾਰੀ ਬੱਸ ਵਾਲੇ ਜਾਂ ਤਾ ਬੱਸ ਅੱਡੇ ਤੋਂ ਪਿੱਛੇ ਹੀ ਰੋਕ ਦਿੰਦੇਂ ਹਨ ਜਾ ਫਿਰ ਕਦੀ ਬੱਸਾਂ ਵਾਲੇ ਬੱਸ ਰੋਕਦੇ ਹੀ ਨਹੀਂ ਜਿਸ ਕਰਕੇ ਸਵਾਰੀਆਂ ਬੱਸਾਂ ਦੇ ਪਿੱਛੇ ਦੌੜਦੀਆਂ ਨਜਰ ਆਉਦੀਆਂ ਹਨ।ਅੱਜ ਸਵੇਰੇ 9 ਵਜੇ ਦੇ ਕਰੀਬ ਬੱਸ ਸਟੈਂਡ ਸਲਹਾਲੀ ਕਲਾਂ ਤੇ ਸਥਿਤੀ ਤਨਾਅਪੂਰਨ ਹੋ ਗਈ ਜਦ ਫਿਰ ਪੰਜਾਬ ਰੋਡਵੇਜ ਦੇ ਕਡੰਕਟਰ ਨੇ ਸਵਾਰੀਆਂ ਚੜਾਉਣ ਤੋਂ ਇਨਕਾਰ ਕਰ ਦਿੱਤਾ। ਜਿੱਥੇ ਹੰਗਾਮਾਂ ਹੁੰਦਾ ਵੇਖ ਪਿੰਡ ਦੇ ਮੋਹਤਬਾਰ ਮੈਂਬਰ ਬਲਕਾਰ ਸਿੰਘ ਲਾਡੀ, ਅਜੇਪਾਲ ਸਿੰਘ,ਸੁਰਜੀਤ ਸਿੰਘ, ਮੱਸਾ ਸਿੰਘ ਵਿਰਿਆਨ ਸਿੰਘ, ਮਹਿੰਦਰ ਸਿੰਘ, ਆਦਿ ਮੋਹਤਵਾਰਾਂ ਨੇ ਸਰਕਾਰੀ ਬੱਸਾਂ ਦੇ ਡਰੈਵਰਾ ਨਾਲ ਸਵਾਰੀਆਂ ਨਾ ਚੜਾਉਣ ਬਾਰੇ ਗੱਲਬਾਤ ਕੀਤੀ ਤਾਂ ਕੁਝ ਕਡੰਕਟਰਾਂ ਨੇ ਜਵਾਬ ਚ ਕਿਹਾ ਕਿ ਸਾਨੂੰ ਮਹਿਕਮੇ ਵੱਲੋਂ ਹਦਾਇਤਾਂ ਹਨ ਕਿ 26 ਸਵਾਰੀਆਂ ਤੋਂ ਵੱਧ ਸਵਾਰੀਆਂ ਬੱਸਾਂ ਚ ਚੜਾਉਣ ਦੀ ਆਗਿਆਂ ਨਹੀ। ਪਰ ਜਦ ਪਿੰਡ ਦੇ ਮੋਹਤਬਾਰਾਂ ਨੇ ਕੁਝ ਬੱਸਾਂ ਚੈੱਕ ਕੀਤੀਆਂ ਤਾਂ ਉਨਾਂ ਚ ਨਾਮਾਤਰ ਹੀ ਸਵਾਰੀਆਂ ਸਨ। ਕਾਫੀ ਦੇਰ ਬਾਅਦ ਬੱਸਾਂ ਚ ਸਵਾਰੀਆਂ ਨੂੰ ਬਿਠਾਇਆ ਗਿਆ। ਪਰ ਦੂਸਰੇ ਪਾਸੇ ਇਨਾਂ ਲੋਕਾਂ ਦਾ ਕਹਿਣਾ ਹੈ ਕਿ ਪ੍ਰਈਵੇਟ ਬੱਸਾਂ ਵਿੱਚ 50 ਸਵਾਰੀਆਂ ਤੋਂ ਵੱਧ ਸਵਾਰੀਆਂ ਵੀ ਚੜਾਈਆਂ ਜਾਂਦੀਆਂ ਹਨ। ਉਨਾਂ ਤੇ ਮਹਿਕਮਾਂ ਕੋਈ ਕਾਰਵਾਈ ਕਿਉਂ ਨਹੀ ਕਰਦਾ।

# ਖ਼ਾਲਸਾ ਕਾਲਜ ਵੈਟਰਨਰੀ ਵਿਖੇ ‘ਵੈਟਰੀਨੇਰੀਅਨ ਦਾ ਕੋਵਿਡ ਰਿਸਪਾਂਸ’ ਵਿਸ਼ੇ ’ਤੇ ਵੈਬੀਨਾਰ ਆਯੋਜਿਤ



**ਅੰਮ੍ਰਿਤਸਰ/ਦਲਬੀਰ**

ਖ਼ਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਵਿਖੇ ਕੋਵਿਡ ਮਹਾਂਮਾਰੀ ਦੇ ਬਚਾਅ ਸਬੰਧੀ ਵੈਟਰਨਰੀ ਡਾਕਟਰਾਂ ਦੇ ਤਜ਼ਰਬੇ ਦੀ ਵਰਤੋਂ ਕਰਨ ਦੇ ਵਿਸ਼ੇ ’ਤੇ ਇਕ ਉੱਚ ਪੱਧਰੀ ਵੈਬੀਨਾਰ ‘ਵੈਟਰੀਨੇਰੀਅਨ ਦਾ ਕੋਵਿਡ ਰਿਸਪਾਂਸ’ ਵਿਸ਼ੇ ’ਤੇ ਆਯੋਜਿਤ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਪੀ. ਕੇ. ਕਪੂਰ ਦੀ ਸਰਪ੍ਰਸਤੀ ਹੇਠ ਕਰਵਾਏ ਗਏ ਇਸ ਵੈਬੀਨਾਰ ’ਚ ਵੈਟਰੀਨੇਰੀਅਨ ਵੱਲੋਂ ਉਨਾਂ ਦੀਆਂ ਜਾਨਵਰਾਂ ਦੀ ਸਿਹਤ ਅਤੇ ਭਲਾਈ ਲਈ ਕੀਤੀਆਂ ਗਈਆਂ ਸੇਵਾਵਾਂ ਨੂੰ ‘ਵਿਸ਼ਵ ਵੈਟਰਨਰੀ ਦਿਵਸ’ ਵਜੋਂ ਸਮਰਪਿਤ ਕੀਤਾ ਗਿਆ। ਇਸ ਮੌਕੇ ਪ੍ਰਿੰ. ਡਾ. ਕਪੂਰ ਨੇ ਕਿਹਾ ਕਿ ਵਿਸ਼ਵ ਵੈਟਰਨਰੀ ਐਸੋਸੀਏਸ਼ਨ ਦਾ ਉਦੇਸ਼, ਵੈਟਰਨਰੀ ਪੇਸ਼ੇ ਲਈ ਗਲੋਬਲ ਲੀਡਰਸ਼ਿਪ ਮੁਹੱਈਆ ਕਰਵਾਉਣਾ ਅਤੇ ਵੱਖ ਵੱਖ ਪ੍ਰੋਗਰਾਮਾਂ ਰਾਹੀਂ ਪਸ਼ੂਆਂ ਦੀ ਸਿਹਤ ਤੇ ਭਲਾਈ ਅਤੇ ਜਨਤਕ ਸਿਹਤ ਨੂੰ ਉਤਸ਼ਾਹਿਤ ਕਰਨਾ ਹੈ। ਕਾਲਜ ਦੇ ਮੈਨੇਜਿੰਗ ਡਾਇਰੈਕਟਰ ਡਾ. ਐਸ. ਕੇ. ਨਾਗਪਾਲ ਅਤੇ ਡਾਇਰੈਕਟਰ ਡਾ. ਐਸ. ਐਸ. ਸਿੱਧੂ ਨੇ ਵੈਟਰਨਰੀਆਂ ਦੀਆਂ ਮਹੱਤਵਪੂਰਣ ਭੂਮਿਕਾਵਾਂ ਨੂੰ ਉਜਾਗਰ ਕਰਦੇ ਹੋਏ ਕਿਹਾ ਕਿ ਕੋਵਿਡ ਦੇ ਇਲਾਜ ਦੀਆਂ ਵੱਖ-ਵੱਖ ਦਵਾਈਆਂ ਪਸ਼ੂਆਂ ’ਤੇ ਸਭ ਤੋਂ ਪਹਿਲਾਂ ਟੈਸਟ ਕੀਤੀਆਂ ਜਾਂਦੀਆਂ ਹਨ। ਉਨਾਂ ਕਿਹਾ ਕਿ ਇਸ ਲਈ ਕਿਸੇ ਵੀ ਮਹਾਮਾਰੀ ਦੌਰਾਨ ਵੈਟਰਨਰੀਆਂ ਦੀ ਭੂਮਿਕਾ ਮਹੱਤਵਪੂਰਣ ਹੋ ਜਾਂਦੀ ਹੈ। ਇਸ ਮੌਕੇ ‘ਕੋਵਿਡ-19 ਦੌਰਾਨ ਵੈਟਰਨਰੀਆਂ ਦੀ ਭੂਮਿਕਾ ਅਤੇ ਉਨਾਂ ਦੇ ਉਜਵਲ ਭਵਿੱਖ’ ਵਿਸ਼ੇ ’ਤੇ ਆਨਲਾਈਨ ਪ੍ਰਤੀਯੋਗਤਾ ਅਤੇ ਲੇਖ ਲੇਖਣ ਮੁਕਾਬਲੇ ਕਰਵਾਏ ਗਏ। ਡਾ. ਮਨਬੀਰ ਸਿੰਘ ਦੁਆਰਾ ਨਿਰਦੇਸ਼ਤ ਇਸ ਆਨਲਾਈਨ ਪ੍ਰਤੀਯੋਗਤਾ ’ਚ ਕੁਲ 232 ਪ੍ਰਤੀਯੋਗੀਆਂ ਨੇ ਹਿੱਸਾ ਲਿਆ।

# ਐਨ.ਐਚ.ਐਮ. ਮੁਲਾਜ਼ਮਾਂ ਨੇ ਰੋਸ ਮੁਜਾਹਰਾ ਕਰਕੇ ਕੀਤਾ ਮੁਕੰਮਲ ਕੰਮ ਬੰਦ



ਤਰਨ ਤਾਰਨ/ਮਨਜੀਤ ਸਿੰਘ, ਗੁਰਮੀਤ ਸਿੰਘ,ਭਗਤ ਸਿੰਘ ਸੰਧੂ

ਸਿਹਤ ਵਿਭਾਗ ਪੰਜਾਬ ਦੇ ਨੈਸ਼ਨਲ ਹੈਲਥ ਮਿਸ਼ਨ ਵਿੱਚ ਕਰੀਬ 9 ਹਜ਼ਾਰ ਕਰਮਚਾਰੀਆਂ ਨੇ ਸ਼ੋਸ਼ਣ ਤੋਂ ਤੰਗ ਹੋਕੇ ਪੂਰੇ ਪੰਜਾਬ ਵਿੱਚ ਹੜਤਾਲ ਕੀਤੀ। ਸਿਹਤ ਵਿਭਾਗ ਦੇ ਮੁਕੰਮਲ ਕੰਮ ਟੀਕਾਕਰਨ , ਕਰੋਨਾ ਸੈਂਪਲਿੰਗ ਅਤੇ ਐਮਰਜੈਂਸੀ ਸੇਵਾਵਾਂ ਦਾ ਪੂਰਾ ਤਰਾਂ ਬਾਈਕਾਟ ਕੀਤਾ । ਇਸ ਦੌਰਾਨ ਸਾਰੇ ਬਲਾਕ ਦੇ ਹੜਤਾਲ ਤੇ ਗਏ ਕਰਮਚਾਰੀਆਂ ਨੇ ਸਿਵਲ ਹਸਪਤਾਲ ਤਰਨ ਤਾਰਨ ਵਿਖੇ ਪੰਜਾਬ ਸਰਕਾਰ ਖਿਲਾਫ ਜਮਕੇ ਨਾਅਰੇਬਾਜੀ ਕਰਦੇ ਹੋਏ ਪਿੱਟ ਸਿਆਪਾ ਕੀਤਾ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕੰਮਿਊਨਿਟੀ ਮੋਬਲਾਇਜ਼ਰ ਸੋਹਾਵਾ ਸਿੰਘ ਤਰਨ ਤਾਰਨ ਨੇ ਦੱਸਿਆ ਕਿ ਇਸ ਮਿਸ਼ਨ ਵਿੱਚ ਕਰਮਚਾਰੀਆਂ ਨੂੰ ਕੰਮ ਕਰਦੇ ਦਸ ਤੋਂ ਪੰਦਰਾਂ ਸਾਲ ਹੋ ਚੁੱਕੇ ਹਨ ਅਤੇ ਕਈ ਕਰਮਚਾਰੀ ਆਉਣ ਵਾਲੇ ਸਾਲਾਂ ਵਿੱਚ ਠੇਕੇ ਤੇ ਹੀ ਰਿਟਾਇਰ ਹੋਣ ਜਾ ਰਹੇ ਹਨ । ਇਹਨਾਂ ਕਰਮਚਾਰੀਆਂ ਨੇ ਇਸ ਦੌਰਾਨ ਸਿਹਤ ਵਿਭਾਗ ਨੂੰ ਜਿੰਦਗੀ ਦਾ ਕੀਮਤੀ ਸਮਾਂ ਲੇਖੇ ਲਾਇਆ ਹੈ ਅਤੇ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕੀਤਾ ਹੈ । ਪਰ ਪੰਜਾਬ ਸਰਕਾਰ ਲਗਾਤਾਰ ਇਹਨਾਂ ਮੁਲਾਜਮਾਂ ਨੂੰ ਘੱਟ ਤਨਖਾਹ ਦੇਕੇ ਅਤੇ ਕਈ ਗੁਣਾ ਕੰਮ ਲੈਕੇ ਸ਼ੋਸ਼ਣ ਕਰ ਰਹੀ ਹੈ । ਕੋਵਿਡ -19 ਦੌਰਾਨ ਸਾਡੇ 500 ਦੇ ਕਰੀਬ ਕਰਮਚਾਰੀ ਕਰੋਨਾ ਪਾਜਟਿਵ ਆਏ ਅਤੇ ਉਹਨਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਅਤੇ ਕਈ ਕਰਮਚਾਰੀ ਅਤੇ ਉਹਨਾਂ ਦੇ ਪਰਿਵਾਰ ਕਰੋਨਾ ਕਾਰਨ ਆਪਣੀ ਜਾਨ ਵੀ ਗੁਆ ਬੈਠੇ ਹਨ । ਪ੍ਰਧਾਨ ਸੁਖਬੀਰ ਕੌਰ ਨੇ ਕਿਹਾ ਕਿ ਨੈਸ਼ਨਲ ਹੈਲਥ ਮਿਸ਼ਨ ਦੇ ਕਰਮਚਾਰੀਆਂ ਨੇ ਹਜਾਰਾਂ ਵਾਰ ਗੁਹਾਰ ਲਗਾਈ ਹੈ ਕਿ ਸਰਵ ਸਿੱਖਿਆ ਅਭਿਆਨ ਅਤੇ ਰਮਸਾ ਵੀ ਕੇਂਦਰੀ ਮਿਸ਼ਨ ਹੈ । ਅਤੇ ਇਸ ਮਿਸ਼ਨ ਦੇ ਕਰਮਚਾਰੀ ਵੀ ਪੰਜਾਬ ਸਰਕਾਰ ਨੇ ਰੈਗੂਲਰ ਕਰਕੇ ਪੂਰੀਆਂ ਸਹੂਲਤਾਂ ਦਿੱਤੀਆਂ ਹਨ । ਹਰਿਆਣਾ ਸਰਕਾਰ ਨੇ ਵੀ 2018 ਤੋਂ ਐਨ.ਐਚ.ਐਮ.ਕਰਮਚਾਰੀਆਂ ਨੂੰ ਰੈਗੂਲਰ ਕਰਮਚਾਰੀਆਂ ਦੇ ਬਰਾਬਰ ਤਨਖਾਹਾਂ ਦਿੱਤੀਆਂ ਹਨ । ਪਰ ਪੰਜਾਬ ਸਰਕਾਰ ਨੇ ਸਾਨੂੰ ਝੂਠੇ ਲਾਰਿਆਂ ਤੋਂ ਸਿਵਾਏ ਕੁਝ ਨਹੀਂ ਦਿੱਤਾ । ਅੱਜ ਜਿਲ੍ਹਾ ਤਰਨ ਤਾਰਨ ਦਾ ਸਾਰਾ ਐਨ.ਐਚ.ਐਮ. ਸਟਾਫ ਅੱਜ ਹੜਤਾਲ ਤੇ ਸੀ ਬੀਤੇ ਦਿਨੀਂ ਮੁੱਖ ਮੰਤਰੀ ਪੰਜਾਬ ਨੇ ਇਹਨਾਂ ਕਰਮਚਾਰੀਆਂ ਦੀਆਂ ਜਾਇਜ ਮੰਗਾਂ ਮੰਨਣ ਦੀ ਬਿਜਾਏ ਹੜਤਾਲ ਨੂੰ ਬਕਵਾਸ ਕਿਹਾ ਅਤੇ ਨੌਕਰੀ ਤੋਂ ਕੱਢਣ ਦੀ ਧਮਕੀ ਵੀ ਦਿੱਤੀ ਜਿਸਦਾ ਸਮੂਹ ਸਟਾਫ ਵਿਰੋਧ ਕਰਦਾ ਹੈ ਅਤੇ ਨਾਲ ਹੀ ਪੰਜਾਬ ਸਰਕਾਰ ਨੂੰ ਚੇਤਵਾਨੀ ਦਿੱਤੀ ਜਾਂਦੀ ਹੈ ਕਿ ਜੇਕਰ ਬਿਨਾਂਸ਼ਰਤ ਉਹਨਾਂ ਨੂੰ ਰੈਗੂਲਰ ਕਰਨ ਦਾ ਨੋਟਿਫਿਕੇਸ਼ਨ ਜਾਰੀ ਨਾ ਕੀਤਾ ਤਾਂ ਉਹ ਵੱਡੇ ਪੱਧਰ ਤੇ ਸੰਘਰਸ਼ ਕਰਨ ਲਈ ਮਜਬੂਰ ਹੋਣਗੇ ਜਿਸਦੀ ਸਾਰੀ ਜੁਮੇਵਾਰੀ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਦੀ ਹੋਵੇਗੀ । ਇਸ ਸਮੇਂ ਕਵਲਜੀਤ ਕੌਰ ਡੀ.ਐਸ.ਏ , ਸਿਮਰਜੀਤ ਸਿੰਘ ਕੰਪਿਊਟਰ ਆਪ੍ਰੇਟਰ , ਸੋਨੀਆ , ਬਲਾਕ ਸਰਹਾਲੀ ਤੋਂ ਪ੍ਰਧਾਨ ਮਨਦੀਪ ਸਿੰਘ , ਬਲਾਕ ਝਬਾਲ ਤੋਂ ਪ੍ਰਧਾਨ ਅਮਨਦੀਪ ਸਿੰਘ ਪ੍ਰਧਾਨ ਬਲਜੀਤ ਸਿੰਘ ਅਕਾਊਟੈਂਟ ਜੈਸਮੀਨ ਕੌਰ ਸੀ.ਐਚ.ਓ.ਝਬਾਲ , , ਬਲਾਕ ਕਸੇਲ ਤੋਂ ਪ੍ਰਧਾਨ ਗੁਰਪ੍ਰੀਤ ਕੌਰ , ਬਲਾਕ ਘਰਿਆਲਾ ਪ੍ਰਧਾਨ ਜਸਬੀਰ ਸਿੰਘ , ਬਲਾਕ ਮੀਆਂਵਿੰਡ ਕਵਲਜੀਤ ਸਿੰਘ , ਬਲਾਕ ਸੁਰਸਿੰਘ ਪ੍ਰਧਾਨ ਮਨਜਿੰਦਰ ਸਿੰਘ , ਪ੍ਰਭਜੋਤ ਕੌਰ ਸੀ.ਐਚ.ਓ. , ਜਸਵਿੰਦਰ ਕੌਰ ਏ.ਐਨ.ਐਮ.ਸਰਬਜੀਤ ਕੌਰ ਏ.ਐਨ.ਐਮ , ਨੀਰੂ ਮੰਨਣ , ਡਾ : ਵਿਵੇਕ ਸ਼ਰਮਾਂ ਆਰ.ਬੀ.ਐਸ.ਕੇ , ਡਾ : ਅਮਨਦੀਪ ਮਹਿਤਾ ਆਰ.ਬੀ.ਐਸ.ਕੇ , ਅਮਰਜੀਤ ਕੌਰ ਅਕਾਊਟੈਂਟ , ਜਸਪ੍ਰੀਤ ਕੌਰ ਸਟਾਫ ਨਰਸ , ਕਵਲਜੀਤ ਕੌਰ ਸਟਾਫ ਨਰਸ , ਗੁਰਜੀਤ ਕੌਰ ਸਟਾਫ ਨਰਸ , ਗਗਨਦੀਪ ਸਿੰਘ ਪੀ.ਐਨ.ਡੀ.ਟੀ. , ਅਰੁਸ ਭੱਲਾ ਬੀ.ਸੀ.ਸੀ. ਕਰਨਜੀਤ ਸਿੰਘ ਹੋਮਿਓਪੈਥਿਕ ਡਿਸਪੈਂਸਰ , ਡਾ : ਦਿਲਬਾਗ ਸਿੰਘ ਐਚ.ਐਮ.ਓ ਆਦਿ ਹਾਜ਼ਰ ਸਨ ।

## ਕੈਪਟਨ ਉਹਨਾਂ ਨੂੰ ਬਣਦਾ ਮਾਨ ਸਤਿਕਾਰ ਦੇ ਕੇ ਪਾਰਟੀ ਦੀ ਭਲਾਈ ਲਈ ਨਾਲ ਤੋਰਨ : ਬੰਤ ਸਿੰਘ ਕਲਾਰਾਂ

ਮੋਰਿੰਡਾ/ਜਗਮੋਹਨ ਭਾਰਦਵਾਜ਼



ਨਵਜੋਤ ਸਿੰਘ ਸਿੱਧੂ ਇੱਕ ਇਮਾਨਦਾਰ,ਬੇਦਾਗ ਅਤੇ ਨਿਡਰ ਇਨਸਾਨ ਹਨ ਤੇ ਕੈਪਟਨ ਅਮਰਿੰਦਰ ਸਿੰਘ ਨੂੰ ਚਾਹੀਦਾ ਹੈ ਕਿ ਉਹਨਾਂ ਨੂੰ ਬਣਦਾ ਮਾਨ ਸਤਿਕਾਰ ਦੇ ਕੇ ਪਾਰਟੀ ਦੀ ਭਲਾਈ ਲਈ ਨਾਲ ਤੋਰਨ। ਇਹਨਾਂ ਸਬਦਾ ਦਾ ਪ੍ਰਗਟਾਵਾ ਸ਼ੀਨੀਅਰ ਕਾਂਗਰਸੀ ਆਗੂ ਤੇ ਗ੍ਰਾਮੀਣ ਪੰਚਾਇਤ ਯੂਨੀਅਨ ਬਲਾਕ ਮੋਰਿੰਡਾ ਦੇ ਪ੍ਰਧਾਨ ਬੰਤ ਸਿੰਘ ਕਲਾਰਾਂ ਨੇ ਅੱਜ ਮੋਰਿੰਡਾ ਵਿਖੇ ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਕੀਤਾ। ਬੰਤ ਸਿੰਘ ਕਲਾਰਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਤੇ ਖਾਸ ਕਰ ਨੌਜਵਾਨ ਵਰਗ ਸਰਦਾਰ ਨਵਜੋਤ ਸਿੰਘ ਦੀ ਬੇਬਾਕੀ,ਨਿਡਰਤਾ,ਇਮਾਨਦਾਰੀ ਤੇ ਬੇਦਾਗ ਸਖੀ ਦਾ ਕਾਇਲ ਹੈ ਅਤੇ 2017 ਵਿੱਚ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਾਉਣ ਵਿੱਚ ਉਹਨਾ ਦਾ ਅਹਿਮ ਰੋਲ ਰਿਹਾ ਹੈ ਤੇ ਉਹ ਜਦ ਵੀ ਬੋਲਦੇ ਹਨ ਬਿਨਾਂ ਕਿਸੇ ਡਰ ਤੋਂ ਸੱਚ ਬੋਲਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਵਲੋਂ ਪੰਜਾਬ ਵਿੱਚ ਕਰਵਾਏ ਵਿਕਾਸ ਕਾਰਜਾਂ ਦੇ ਚਲਦਿਆਂ ਫਿਰ ਤੋਂ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਲਈ ਗਰਾਉਂਡ ਤਿਆਰ ਹੈ,ਸਿਰਫ਼ ਲੋੜ ਹੈ ਇੱਕਜੁਟਤਾ ਦੀ। ਉਹਨਾਂ ਕਿਹਾ ਕੈਪਟਨ ਸਰਕਾਰ ਨੇ ਲੋਕਾ ਨਾਲ ਕੀਤੇ ਵਾਅਦੇ ਮੁਤਾਬਕ ਪੰਜਾਬ ਵਿੱਚੋਂ 60 ਪ੍ਰਤੀਸਤ ਨਸ਼ਾ ਖਤਮ ਕਰ ਦਿੱਤਾ ਹੈ ਤੇ ਰਹਿੰਦਾ 40 ਪ੍ਰਤੀਸਤ ਵੀ ਅਗਰ ਸਰਕਾਰ ਚਾਹੇ ਤਾਂ ਸਿਰਫ ਇੱਕ ਹਫਤੇ ਵਿੱਚ ਖਤਮ ਕੀਤਾ ਜਾ ਸਕਦਾ ਹੈ ਕਿਉਂਕਿ ਨਸ਼ਿਆ ਨੇ ਪੰਜਾਬ ਦੀ ਨੌਜਵਾਨ ਪੀੜੀ ਨੂੰ ਬਰਬਾਦੀ ਦੀ ਰਾਹ 'ਤੇ ਲਿਆ ਖੜਾ ਕੀਤਾ ਹੈ,ਨਸ਼ਿਆਂ ਕਾਰਨ ਸਾਡੇ ਪੰਜਾਬ ਦਾ ਭਵਿੱਖ ਨੌਜਵਾਨ ਵਰਗ ਖਤਰੇ 'ਚ ਹੈ। ਉਹਨਾਂ ਕਿਹਾ 2022 ਵਿੱਚ ਫਿਰ ਤੋਂ ਕਾਂਗਰਸ ਸਰਕਾਰ ਬਣਨ ਜਾ ਰਹੀ ਹੈ ਤੇ ਇ ਦੇ ਲਈ ਜਰੂਰੀ ਹੈ ਕਿ ਮਿਲਜੁਲ ਕਰ ਕੰਮ ਕੀਤਾ ਜਾਵੇ।

## ਕਿਸਾਨਾਂ ਨੂੰ 1053.12 ਕਰੋੜ ਰੁਪਏ ਦੀ ਕੀਤੀ ਜਾ ਚੁੱਕੀ ਹੈ ਅਦਾਇਗੀ - ਡੀ.ਸੀ. ਵਰਿੰਦਰ ਕੁਮਾਰ ਸ਼ਰਮਾ

ਲੁਧਿਆਣਾ/ ਸੁਖਚੈਨ ਮਹਿਰਾ



ਇਸ ਸਾਲ ਕਣਕ ਦੀ ਖਰੀਦ ਪਿਛਲੇ ਸਾਲ ਦੇ ਮੁਕਾਬਲੇ 3.96 ਲੱਖ ਮੀਟ੍ਰਿਕ ਟਨ ਦੇ ਅੰਕੜੇ (26 ਅਪ੍ਰੈਲ, 2020 ਤੱਕ) ਨੂੰ ਪਾਰ ਕਰ ਗਈ ਹੈ ਅਤੇ ਮੌਜੂਦਾ ਹਾੜ੍ਹੀ ਦੇ ਮੰਡੀਕਰਨ ਸੀਜ਼ਨ ਵਿਚ ਇਹ ਅੰਕੜਾ 7.56 ਐਲ.ਐਮ.ਟੀ. ਨੂੰ ਛੂਹ ਗਿਆ ਹੈ। ਡਿਪਟੀ ਕਮਿਸ਼ਨਰ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਖਰੀਦ ਕਾਰਜਾਂ ਦਾ ਜਾਇਜ਼ਾ ਲੈਂਦੇ ਹੋਏ ਵੇਰਵੇ ਸਾਂਝੇ ਕੀਤੇ ਕਿ ਪ੍ਰਸ਼ਾਸਨ ਇਸ ਸਾਲ 9-ਐਲ.ਐਮ.ਟੀ. ਕਣਕ ਦੀ ਆਮਦ ਦੀ ਉਮੀਦ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜੇ ਤੱਕ ਪ੍ਰਸ਼ਾਸਨ ਨੇ ਵੱਖ-ਵੱਖ ਅਨਾਜ ਮੰਡੀਆ/ਖਰੀਦ ਕੇਂਦਰਾਂ ਵਿੱਚ 756736 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ, ਜੋ ਕੁੱਲ ਸੰਭਾਵਤ ਉਤਪਾਦਨ ਦਾ 84 ਪ੍ਰਤੀਸ਼ਤ ਹੈ। ਸ੍ਰੀ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਅਨਾਜ ਦੀ ਖਰੀਦ ਸ਼ੁਰੂ ਹੋਣ ਤੋਂ ਬਾਅਦ ਜ਼ਿਲ੍ਹੇ ਭਰ ਵਿੱਚ ਅਨਾਜ ਮੰਡੀਆਂ/ਖਰੀਦ ਕੇਂਦਰਾਂ ਵਿੱਚ 756736 ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ ਅਤੇ 26 ਅਪ੍ਰੈਲ 2021 ਤੱਕ ਵੱਖ-ਵੱਖ ਏਜੰਸੀਆਂ ਵੱਲੋਂ ਪੂਰਾ ਸਟਾਕ ਖਰੀਦਿਆ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਇਸੇ ਦਿਨ (26 ਅਪ੍ਰੈਲ, 2020 ਨੂੰ) ਖਰੀਦ ਦਾ ਅੰਕੜਾ 396174-ਮੀਟ੍ਰਿਕ ਟਨ ਸੀ। ਉਨ੍ਹਾਂ ਕਿਹਾ ਕਿ ਅਨਾਜ ਦੀ ਲਿਫਟਿੰਗ ਪਹਿਲਾਂ ਹੀ ਤੇਜ਼ ਹੋ ਗਈ ਹੈ ਅਤੇ ਅੱਗੇ ਉਨ੍ਹਾਂ ਖੁਲਾਸਾ ਕੀਤਾ ਕਿ ਹੁਣ ਤੱਕ ਕਿਸਾਨਾਂ ਨੂੰ 1053.12 ਕਰੋੜ ਰੁਪਏ ਦੀ ਅਦਾਇਗੀ ਵੀ ਕੀਤੀ ਜਾ ਚੁੱਕੀ ਹੈ।

## ਕਣਕ ਦੀ ਖਰੀਦ ਉਪਰੰਤ ਮੰਡੀਆਂ ਵਿੱਚੋਂ ਚੁਕਾਈ ਕਰਨ ਤੇ ਕਿਸਾਨਾਂ ਨੂੰ ਫ਼ਸਲ ਦੀ ਅਦਾਇਗੀ ਕਰਨ ਵਿੱਚ ਲਿਆਂਦੀ ਗਈ ਤੇਜ਼ੀ-ਡਿਪਟੀ ਕਮਿਸ਼ਨਰ

ਤਰਨ ਤਾਰਨ/ਰਵੀਕਰਨ

ਜ਼ਿਲ੍ਹਾ ਤਰਨ ਤਾਰਨ ਵਿੱਚ ਕਣਕ ਦੀ ਖਰੀਦ ਪ੍ਰਕਿਰਿਆ ਦਾ ਕੰਮ ਜ਼ੋਰਾਂ 'ਤੇ ਚੱਲ ਰਿਹਾ ਹੈ ਅਤੇ ਕਣਕ ਦੀ ਖਰੀਦ ਉਪਰੰਤ ਮੰਡੀਆਂ ਵਿੱਚੋਂ ਚੁਕਾਈ ਕਰਨ ਤੇ ਕਿਸਾਨਾਂ ਨੂੰ ਫ਼ਸਲ ਦੀ ਅਦਾਇਗੀ ਕਰਨ ਵਿੱਚ ਤੇਜ਼ੀ ਲਿਆਂਦੀ ਗਈ ਹੈ।ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਕੁਲਵੰਤ ਸਿੰਘ ਨੇ ਦੱਸਿਆ ਕਿ ਕਿਸਾਨਾਂ ਵੱਲੋਂ ਮੰਡੀਆਂ ਵਿਖੇ ਲਿਆਂਦੀ ਗਈ ਕਣਕ ਦੀ ਖਰੀਦ ਨਾਲੋਂ-ਨਾਲ ਕੀਤੀ ਜਾ ਰਹੀ ਹੈ ਅਤੇ ਕਿਸਾਨਾਂ ਨੂੰ ਫ਼ਸਲ ਦੀ ਖਰੀਦ ਤੇ ਅਦਾਇਗੀ ਕਰਨ ਵਿੱਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਸੁੱਕੀ ਫਸਲ ਹੀ ਮੰਡੀਆਂ ਵਿਚ ਲੈ ਕੇ ਆਉਣ ਤਾਂ ਜੋ ਖਰੀਦ ਪ੍ਰਕਿਰਿਆ ਨੂੰ ਤੁਰੰਤ ਮੁਕੰਮਲ ਕੀਤਾ ਜਾ ਸਕੇ ਉਨ੍ਹਾਂ ਕਿਹਾ ਕਿ ਖਰੀਦ ਪ੍ਰਕਿਰਿਆ ਦੌਰਾਨ ਮੰਡੀਆਂ ਵਿੱਚ ਕਿਸਾਨਾਂ ਦੀ ਸਿਹਤ ਦਾ ਵੀ ਖਾਸ ਧਿਆਨ ਰੱਖਿਆ ਜਾ ਰਿਹਾ ਹੈ ਅਤੇ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਕੋਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਹਰੇਕ ਯੋਗ ਪ੍ਰਬੰਧ ਪ੍ਰਬੰਧ ਵੀ ਕੀਤੇ ਗਏ ਹਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 26 ਅਪ੍ਰੈਲ ਤੱਕ ਜ਼ਿਲ੍ਹਾ ਤਰਨ ਤਾਰਨ ਦੀਆਂ ਮੰਡੀਆਂ ਵਿੱਚ 4,42,127 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿੱਚੋਂ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 4,30,322 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ ਉਹਨਾਂ ਦੱਸਿਆ ਕਿ ਪਨਗਰੇਨ ਵੱਲੋਂ 1,21,578 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 94360 ਮੀਟ੍ਰਿਕ ਟਨ, ਪਨਸਪ ਵੱਲੋਂ 81821 ਮੀਟ੍ਰਿਕ ਟਨ, ਪੰਜਾਬ ਵੇਅਰਹਾਊਸ ਕਾਰਪੋਰੇਸ਼ਨ ਵੱਲੋਂ 68526 ਮੀਟ੍ਰਿਕ ਟਨ ਅਤੇ ਐੱਫ਼. ਸੀ. ਆਈ. ਵੱਲੋਂ 64037 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਖਰੀਦੀ ਗਈ ਕਣਕ ਦੀ ਜ਼ਿਲ੍ਹੇ ਦੇ ਕਿਸਾਨਾਂ ਨੂੰ 373 ਕਰੋੜ 55 ਲੱਖ ਰੁਪਏ ਤੋਂ ਵੱਧ ਦੀ ਅਦਾਇਗੀ ਕੀਤੀ ਗਈ ਹੈ ਅਤੇ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ 26 ਅਪ੍ਰੈਲ ਤੱਕ 76002 ਮੀਟਰਿਕ ਟਨ ਕਣਕ ਦੀ ਚੁਕਾਈ ਕੀਤੀ ਜਾ ਚੁੱਕੀ ਹੈ।

## ਕਪੂਰਥਲਾ ਜਿਲ੍ਹੇ ਵਿਚ ਕੋਵਿਡ ਸੰਬੰਧੀ ਨਵੀਆਂ ਹਦਾਇਤਾਂ ਲਾਗੂ

ਕਪੂਰਥਲਾ/ਸ਼ੈਨੀ

ਡਿਪਟੀ ਕਮਿਸ਼ਨਰ ਕਮ ਜਿਲ੍ਹਾ ਮੈਜਿਸਟ੍ਰੇਟ ਕਪੂਰਥਲਾ ਸ਼੍ਰੀਮਤੀ ਦੀਪਤੀ ਉੱਪਲ ਵਲੋਂ ਕੋਵਿਡ ਦੇ ਵਧਦੇ ਕੇਸਾਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਵਲੋਂ ਜਾਰੀ ਨਵੀਆਂ ਬੰਦਿਸ਼ਾਂ ਦੇ ਅਨੁਕੂਲ ਕਪੂਰਥਲਾ ਜਿਲ੍ਹੇ ਦੀ ਹੱਦ ਅੰਦਰ ਵੀ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 27 ਅਪ੍ਰੈਲ ਤੋਂ ਲਾਗੂ ਹੋ ਕੇ ਅਗਲੇ ਹੁਕਮਾਂ ਤੱਕ ਪ੍ਰਭਾਵ ਵਿਚ ਰਹਿਣਗੇ। ਜਾਰੀ ਹੁਕਮਾਂ ਅਨੁਸਾਰ ਉਨ੍ਹਾਂ ਕਿਹਾ ਕਿ ਕਰੋਨਾ ਮਹਾਂਮਾਰੀ ਦਾ ਪ੍ਰਕੋਪ ਮੁੜ ਤੋਂ ਤੇਜੀ ਨਾਲ ਵੱਧ ਚੁੱਕਾ ਹੈ, ਜਿਸ ਕਾਰਨ ਜਿਲ੍ਹਾ ਪ੍ਰਸ਼ਾਸ਼ਨ ਵਲੋਂ ਪਾਬੰਦੀਆਂ ਲਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਜਿਲ੍ਹਾ ਪ੍ਰਸ਼ਾਸ਼ਨ ਵਲੋਂ ਨਵੀਆਂ ਰੋਕਾਂ ਨੂੰ ਸਖਤੀ ਨਾਲ ਲਾਗੂ ਕਰਨ ਸਬੰਧੀ ਪੁਖਤਾ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਕਰੋਨਾ ਦੇ ਤੇਜੀ ਨਾਲ ਵਾਧੇ ਨੂੰ ਰੋਕਕੇ ਲੋਕਾਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਜਾਰੀ ਹੁਕਮਾਂ ਅਨੁਸਾਰ ਜਿਲ੍ਹੇ ਅੰਦਰ ਸਾਰੀਆਂ ਦੁਕਾਨਾਂ/ਸ਼ਾਪਿੰਗ ਮਾਲਜ/ਮਲਟੀਪਲੈਕਸ ਰੋਜਾਨਾ ਸ਼ਾਮ 05:00 ਵਜੇ ਬੰਦ ਹੋ ਜਾਣਗੇ ਅਤੇ ਪਰ ਹੋਮ ਡਿਲੀਵਰੀ ਰਾਤ 9:00 ਵਜੇ ਤੱਕ ਚਾਲੂ ਰਹੇਗੀ। ਉਨ੍ਹਾਂ ਕਿਹਾ ਕਿ ਕਰਫਿਊ ਸਮਾਂ ਰੋਜ਼ਾਨਾ ਸਾਮ 06:00 ਵਜੇ ਤੋਂ ਸਵੇਰੇ 05:00 ਵਜੇ ਤੱਕ ਲਾਗੂ ਰਹੇਗਾ ਜਦਕਿ ਹਫਤਾਵਾਰੀ ਕਰਫਿਊ ਸ਼ਨੀਵਾਰ ਸ਼ਾਮ 5 ਵਜੇ ਤੋਂ ਸੋਮਵਾਰ ਸਵੇਰੇ 5 ਵਜੇ ਤੱਕ ਹੋਵੇਗਾ। ਇਸ ਦੌਰਾਨ ਜਰੂਰੀ ਸੇਵਾਵਾਂ ਜਾਰੀ ਰਹਿਣਗੀਆਂ। ਉਨ੍ਹਾਂ ਨਾਲ ਹੀ ਸਪੱਸ਼ਟ ਕੀਤਾ ਕਿ ਸਾਰੇ ਪ੍ਰਾਈਵੇਟ ਦਫਤਰ ਜਿਸ ਵਿਚ ਸੇਵਾ ਖੇਤਰ ਵੀ ਸ਼ਾਮਿਲ ਹੈ, ਨੂੰ 'ਵਰਕ ਫਰਾਮ ਹੋਮ' ਦੀ ਇਜਾਜ਼ਤ ਹੈ। ਜਿਲ੍ਹਾ ਮੈਜਿਸਟ੍ਰੇਟ ਨੇ ਇਹ ਵੀ ਸਪੱਸ਼ਟ ਕੀਤਾ ਕਿ ਲੋਕਾਂ ਦੀਆਂ ਰੋਜ਼ਮੱਰਾ ਦੀਆਂ ਜ਼ਰੂਰਤਾਂ ਦੇ ਮੱਦੇਨਜ਼ਰ ਕੁਝ ਖੇਤਰਾਂ ਤੇ ਸੇਵਾਵਾਂ ਨੂੰ ਛੋਟ ਵੀ ਦਿੱਤੀ ਗਈ ਹੈ ।

www.lokbani.com
lokbani08@gmail.com

# ਕਾਂਗਰਸ ਦੇ ਥਮ ਨਿਰਵੈਲ ਸਿੰਘ ਸੰਧੂ ਅਤੇ ਅਕਾਲੀ ਦਲ ਟਕਸਾਲੀ ਦੇ ਕੱਦਵਾਰ ਨੇਤਾ ਰੇਸ਼ਮ ਸਿੰਘ ਸੰਧੂ ਹੋਏ ਆਪ ਚ ਸ਼ਾਮਲ : ਲਾਲਪੁਰਾ



**ਚੋਹਲਾ ਸਾਹਿਬ/ਮਨਜੀਤ ਸਿੰਘ,ਭਗਤ ਸਿੰਘ**
ਹਲਕਾ ਖਡੂਰ ਸਾਹਿਬ ਅਧੀਨ ਆਉਂਦੇ ਇਤਿਹਾਸਕ ਕਸਬਾ ਚੋਹਲਾ ਸਾਹਿਬ ਵਿੱਚ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਟਕਸਾਲੀ ਨੂੰ ਉਦੋਂ ਵੱਡਾ ਝਟਕਾ ਲੱਗਾ ਜਦੋਂ ਦੋਵੇਂ ਪਾਰਟੀਆਂ ਦੇ ਕੱਦਵਾਰ ਅਤੇ ਥੰਮ੍ਹ ਵਜੋਂ ਜਾਣੇ ਜਾਂਦੇ ਸਾਫ਼ ਸ਼ਖ਼ਸੀਅਤ ਦੇ ਮਾਲਿਕ ਨਿਰਵੈਲ ਸਿੰਘ ਸੰਧੂ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਕਾਂਗਰਸ ਛੱਡ ਕੇ ਅਤੇ ਅਕਾਲੀ ਦਲ ਟਕਸਾਲੀ ਦੇ ਕੱਦਵਾਰ ਆਗੂ ਰੇਸ਼ਮ ਸਿੰਘ ਅਕਾਲੀ ਦਲ ਟਕਸਾਲੀ ਨੂੰ ਛੱਡ ਕੇ ਹਲਕਾ ਖਡੂਰ ਸਾਹਿਬ ਦੇ ਸੀਨੀਅਰ ਆਗੂ ਮਨਜਿੰਦਰ ਸਿੰਘ ਲਾਲਪੁਰਾ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ । ਮਨਜਿੰਦਰ ਸਿੰਘ ਲਾਲਪੁਰਾ ਨੇ ਨਿਰਵੈਲ ਸਿੰਘ ਸੰਧੂ ਅਤੇ ਰੇਸ਼ਮ ਸਿੰਘ ਸੰਧੂ ਨੂੰ ਪਾਰਟੀ ਵਿੱਚ ਜੀ ਆਇਆਂ ਨੂੰ ਆਖਿਆ ਤੇ ਕਿਹਾ ਕਿ ਦੋਹਾਂ ਆਗੂਆਂ ਨੂੰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਪਾਰਟੀ ਵਿਚ ਪੂਰਾ ਮਾਣ ਸਨਮਾਨ ਮਿਲੇਗਾ । ਰੇਸ਼ਮ ਸਿੰਘ ਸੰਧੂ ਅਤੇ ਨਿਰਵੈਲ ਸਿੰਘ ਸੰਧੂ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਅਤੇ ਕੇਜਰੀਵਾਲ ਦੀਆਂ ਨੀਤੀਆਂ ਤੋਂ ਬਹੁਤ ਪ੍ਰਭਾਵਿਤ ਹਨ ਇਸ ਲਈ ਉਹ ਅੱਜ ਆਪਣੇ ਸਾਥੀਆਂ ਦੇ ਨਾਲ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ । ਉਨ੍ਹਾਂ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਅਤੇ ਮਨਜਿੰਦਰ ਸਿੰਘ ਲਾਲਪੁਰਾ ਦੇ ਨਾਲ ਚੱਟਾਨ ਵਾਂਗ ਖੜ੍ਹੇ ਰਹਿਣਗੇ ਤਾਂ ਜੋ ਪੰਜਾਬ ਵਿਚ ਅਤੇ ਹਲਕਾ ਖਡੂਰ ਸਾਹਿਬ ਵਿੱਚ ਚੰਗਾ ਸਿਸਟਮ ਲੈ ਕੇ ਆਂਦਾ ਜਾ ਸਕੇ । ਜ਼ਿਕਰਯੋਗ ਹੈ ਕਿ ਇਸ ਸ਼ੂਮਲੀਅਤ ਦੇ ਨਾਲ ਕਾਂਗਰਸ ਅਤੇ ਅਕਾਲੀ ਦਲ ਟਕਸਾਲੀ ਨੂੰ ਬਹੁਤ ਵੱਡਾ ਝਟਕਾ ਲੱਗਾ ਹੈ । ਆਮ ਆਦਮੀ ਪਾਰਟੀ ਨੂੰ ਵੱਡੀ ਰਾਜਨੀਤਿਕ ਗਰਾਊਂਡ ਮਿਲੀ ਹੈ । ਇਸ ਮੌਕੇ ਹੋਰ ਸ਼ਾਮਲ ਹੋਏ ਸਾਥੀ – ਜਸਬੀਰ ਸਿੰਘ ਮੱਲ, ਮਨਜੀਤ ਸਿੰਘ ਫੌਜੀ,ਸਬਰਾਜ ਸਿੰਘ, ਜਗਤਾਰ ਸਿੰਘ, ਤਕਦੀਰ ਸਿੰਘ, ਦਿਲਪ੍ਰੀਤ ਸਿੰਘ, ਸਰਵਨ ਸਿੰਘ, ਨਸ਼ੀਬ ਸਿੰਘ, ਹਰਭਜਨ ਸਿੰਘ ਪਾਸਟਰ, ਨਿਸ਼ਾਨ ਸਿੰਘ,ਦਾਰਾ ਸਿੰਘ, ਦਿਲਬਾਗ ਸਿੰਘ, ਗੁਰਜੰਟ ਸਿੰਘ ਜੀ ਨੂੰ ਵੀ ਮਨਜਿੰਦਰ ਸਿੰਘ ਲਾਲਪੁਰਾ ਨੇ ਜੀ ਆਮ ਆਦਮੀ ਪਾਰਟੀ ਵਿੱਚ ਜੀ ਆਇਆਂ ਕਿਹਾ ।ਇਸ ਮੌਕੇ ਮੀਟਿੰਗ ਵਿੱਚ ਆਮ ਆਦਮੀ ਪਾਰਟੀ ਦੇ ਵੱਖ-ਵੱਖ ਆਗੂ ਜਲ੍ਹਿਾ ਪ੍ਰਧਾਨ ਕਿਸਾਨ ਵਿੰਗ ਹਰਜੀਤ ਸਿੰਘ ਸੰਧੂ, ਜਲ੍ਹਿਾ ਪ੍ਰਧਾਨ ਪਲਵਿੰਦਰ ਸਿੰਘ ਖਾਲਸਾ ਰਾਣੀਵਲਾਹ, ਜਲ੍ਹਿਾ ਸਕੱਤਰ ਕੇਵਲ ਚੋਹਲਾ, ਬਲਾਕ ਪ੍ਰਧਾਨ ਸਵਿੰਦਰ ਸਿੰਘ ਚੰਬਾ, ਅਵਤਾਰ ਸਿੰਘ ਮਠਾੜੂ, ਸਰਤਾਜ ਸਿੰਘ, ਲਖਬੀਰ ਸਿੰਘ ਲੱਖਾ, ਬਲਦੇਵ ਸਿੰਘ ਬੈਨੀ ਵੀ ਸ਼ਾਮਲ ਰਹੇ ।

# ਜੋ ਕਿਹਾ ਉਹ ਕਰ ਦਿਖਾਇਆ ਹਲਕਾ ਵਿਧਾਇਕ ਡੈਨੀ ਨੇ



**ਜੰਡਿਆਲਾ ਗੁਰੂ/ਲੋਕ ਬਾਣੀ**
ਜੰਡਿਆਲਾ ਗੁਰੂ ਤੋਂ ਕਾਂਗਰਸੀ ਹਲਕਾ ਵਿਧਾਇਕ ਵਲੋਂ ਲਗਾਤਾਰ ਵਿਕਾਸ ਦੀ ਹਨੇਰੀ ਲਿਆਕੇ ਲੋਕਾਂ ਦੇ ਦਿਲਾਂ ਉੱਪਰ ਰਾਜ ਕਰਨ ਚ ਸਫਲਤਾ ਪ੍ਰਾਪਤ ਕੀਤੀ ਜਾ ਰਹੀ ਹੈ । ਵਿਕਾਸ ਕਾਰਜ ਭਾਵੇ ਵੱਖ ਵੱਖ ਪਿੰਡਾਂ ਦੇ ਹੋਣ ਜਾਂ ਫਿਰ ਨਗਰ ਕੌਂਸਲ ਅਧੀਨ ਆਉਂਦੀਆਂ ਗਲੀਆਂ ,ਬਾਜ਼ਾਰ ਸੜਕ ਆਦਿ ਹੋਣ । ਇਸੇ ਤਰਾਂ ਹੁਣ ਜੰਡਿਆਲਾ ਗੁਰੂ ਤੋਂ ਗਹਿਰੀ ਮੰਡੀ ਨੂੰ ਜਾਂਦੀ ਸੜਕ ਜੋ ਕਿ ਪਿੰਡ ਵਾਸੀਆਂ ਦੀ ਪ੍ਰਮੁੱਖ ਮੰਗ ਸੀ ਉਸਨੂੰ ਵੀ ਬਣਾਉਣੀ ਸ਼ੁਰੂ ਕਰਕੇ ਹਲਕਾ ਵਿਧਾਇਕ ਡੈਨੀ ਨੇ ਲਗਭਗ ਸਾਰੇ ਚੋਣ ਵਾਅਦੇ ਪੂਰੇ ਕਰ ਲਏ ਹਨ । ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਹਲਕਾ ਵਿਧਾਇਕ ਨੇ ਕਿਹਾ ਕਿ ਅਗਰ ਵੋਟਰਾਂ ਨੇ ਮੇਰੇ ਉਪਰ ਵਿਸ਼ਵਾਸ਼ ਕਰਕੇ ਮੈਨੂੰ ਵੱਡੀ ਲੀਡ ਨਾਲ ਜਿਤਾਕੇ ਵਿਧਾਨ ਸਭਾ ਭੇਜਿਆ ਹੈ ਤਾਂ ਮੇਰਾ ਵੀ ਫਰਜ ਬਣਦਾ ਹੈ ਕਿ ਮੈਂ ਉਹਨਾਂ ਨੂੰ ਹਰ ਸਹੂਲਤ ਮੁਹਈਆ ਕਰਵਾ ਸਕਾਂ । ਉਹਨਾਂ ਕਿਹਾ ਕਿ ਜਲਦੀ ਹੀ ਸ਼ਹਿਰ ਵਿਚ ਇਕ ਫਾਇਰ ਬ੍ਰਿਗੇਡ ਔਰ ਬਾਈਪਾਸ ਸ਼ੁਰੂ ਕੀਤਾ ਜਾਵੇਗਾ । ਇਸ ਮੌਕੇ ਉਹਨਾਂ ਨਾਲ ਨਿੱਜੀ ਸਹਾਇਕ ਜਸਵਿੰਦਰ ਸਿੰਘ ਵੀ ਮੌਜੂਦ ਸੀ ।

# ਰੋਬਿਨ ਬਰਾੜ ਨੂੰ ਦਾ ਪ੍ਰਧਾਨ ਬਣਾਉਣ ਤੇ ਅਕਾਲੀ ਵਰਕਰਾਂ ਵਿੱਚ ਖੁਸੀ ਦੀ ਲਹਿਰ




**ਭੀਖੀ/ਲੋਕ ਬਾਣੀ**
ਸ੍ਰੋਮਣੀ ਅਕਾਲੀ ਦਲ (ਬ) ਵੱਲੋਂ ਅਰਸਦੀਪ ਸਿੰਘ ਰੋਬਿਨ ਬਰਾੜ ਨੂੰ ਵਿਦਿਆਰਥੀ ਵਿੰਗ ਦਾ ਪ੍ਰਧਾਨ ਬਣਾਇਆ ਗਿਆ ਹੈ। ਰੋਬਿਨ ਬਰਾੜ ਨੂੰ ਵਿਦਿਆਰਥੀ ਵਿੰਗ ਦਾ ਪ੍ਰਧਾਨ ਬਣਾਉਣ ਖੁਸੀ ਕਸਬਾ ਭੀਖੀ ਦੇ ਸੋਮਣੀ ਅਕਾਲੀ ਦਲ ਦੇ ਵਰਕਰਾਂ ਵਿੱਚ ਬਹੁਤ ਦੇਖਣ ਨੂੰ ਮਿਲ ਰਹੀ ਹੈ ਰੋਬਿਨ ਬਰਾੜ ਨੂੰ ਦਾ ਕੋਮੀ ਪ੍ਰਧਾਨ ਬਣਾਉਣ ਤੇ ਭੀਖੀ ਤੋਂ ਸ੍ਰੋਮਣੀ ਅਕਾਲੀ ਦਲ ਦੇ ਆਗੂ ਕੁਲਸੇਰ ਸਿੰਘ ਰੂਬਲ ਨੇ ਪਾਰਟੀ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ ਸਿੰਘ ਬਾਦਲ, ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬਿਕਰਮਜੀਤ ਸਿੰਘ ਮਜੀਠੀਆ,ਬੀਬਾ ਹਰਸਿਮਰਤ ਕੌਰ ਬਾਦਲ ਅਤੇ ਬਲਵਿੰਦਰ ਸਿੰਘ ਭੂੰਦੜ ਰਾਜ ਸਭਾ ਮੈਂਬਰ ਦਾ ਵਿਸੇਸ ਤੌਰ ਤੇ ਧੰਨਵਾਦ ਕੀਤਾ ਅਤੇ ਕਿਹਾ ਕਿ ਰੋਬਿਨ ਬਰਾੜ ਨੂੰ ਨਵੀਂ ਜਿੰਮੇਵਾਰੀ ਸੋਂਪਣ ਨਾਲ ਯੂਥ ਵਰਕਰਾਂ ਵਿੱਚ ਇੱਕ ਨਵਾਂ ਜੋਸ ਆਵੇਂਗਾ ਜਿਸ ਨਾਲ ਪਾਰਟੀ ਨੂੰ ਹੋਰ ਵੀ ਮਜਬੂਤੀ ਮਿਲੇਗੀ। ਇਸ ਮੌਕੇ ਤੇ ਜਲ੍ਹਿਾ ਮਾਨਸਾ ਤੋਂ ਸ੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜਗਦੀਪ ਸਿੰਘ ਨਕਈ ਨੇ ਰੋਬਿਨ ਬਰਾੜ ਨੂੰ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਹਮੇਸਾ ਹੀ ਆਪਣੇ ਵਰਕਰਾਂ ਨਾਲ ਮੋਢਾ ਲਾ ਕੇ ਚਲਿਆ ਹੈ। ਅਤੇ ਪਾਰਟੀ ਹਮੇਸਾ ਹੀ ਲੋਕ ਦੀ ਸੇਵਾ ਕਰਦੀ ਰਹੀ ਹੈ। ਉਨ੍ਹਾਂ ਕਿਹਾ ਕਿ 2022 ਦੀਆਂ ਚੋਣਾਂ ਵਿੱਚ ਸੋਮਣੀ ਅਕਾਲੀ ਦਲ ਪੰਜਾਬ ਵਿੱਚ ਆਪਣੀ ਸਰਕਾਰ ਬਣਾਉਣ ਵਿੱਚ ਕਾਮਯਾਬ ਹੋਵੇਂਗੀ।

# ਸੂਰਤ, ਸੀਰਤ, ਸਮਾਜ-ਸੇਵਾ ਤੇ ਕਲਮ ਦਾ ਸੁਮੇਲ ਮੁਟਿਆਰ : ਸੰਦੀਪ ਰਾਣੀ ਸੁਮਨ ਕਾਤਰੋਂ



ਕਲਮ, ਸਮਾਜ-ਸੇਵਾ, ਸੂਰਤ ਤੇ ਸੀਰਤ ਦਾ ਸੁਮੇਲ ਸੰਦੀਪ ਰਾਣੀ ਸੁਮਨ ਕਾਤਰੋਂ ਦਾ ਜਨਮ ਜਿਲਾ ਸੰਗਰੂਰ ਵਿਚ ਪੈਂਦੇ ਪਿੰਡ ਕਾਤਰੋਂ ਵਿਖੇ ਪਿਤਾ ਸ੍ਰੀ ਕ੍ਰਿਸ਼ਨ ਕੁਮਾਰ ਦੇ ਗ੍ਰਹਿ ਵਿਖੇ ਮਾਤਾ ਸ੍ਰੀਮਤੀ ਰਕੇਸ਼ ਰਾਣੀ ਦੀ ਪਾਕਿ-ਪਵਿੱਤਰ ਕੁੱਖੋਂ ਹੋਇਆ। ਪਿੰਡ ਕਾਤਰੋਂ ਦੇ ਸਕੂਲ ’ਚੋਂ ਦਸਵੀਂ ਪਾਸ ਕਰਨ ਪਿੱਛੋਂ ਉਸ ਨੇ ਬੀ. ਏ. ਦੀ ਪੜ੍ਹਾਈ ਪ੍ਰਾਈਵੇਟ ਤੌਰ ਤੇ ਕੀਤੀ। ਫਿਰ ਉਸ ਨੇ ਭਾਸ਼ਾ ਵਿਭਾਗ ਸੰਗਰੂਰ ਵਿਖੇ ਦੋ ਸਾਲ ਦਾ ਪੰਜਾਬੀ ਸਟੈਨੋਗ੍ਰਾਫੀ ਦਾ ਕੋਰਸ ਕੀਤਾ ਅਤੇ ਕੰਪਿਊਟਰ ਸਿੱਖਿਆ ਵੀ ਪ੍ਰਾਪਤ ਕੀਤੀ। ਪੜ੍ਹਾਈ ਦੇ ਨਾਲ-ਨਾਲ ਬਚਪਨ ਤੋਂ ਹੀ ਮਿਆਰੀ ਸਾਹਿਤ ਪੜ੍ਹਨ ਦੇ ਸੰਦੀਪ ਦੇ ਸ਼ੌਕ ਨੇ ਉਸ ਦੀ ਜ਼ਿੰਦਗੀ ਵਿਚ ਇਕ ਐਸਾ ਮੋੜ ਲਿਆਂਦਾ ਕਿ ਉਹ ਦੁਖਿਆਰਿਆਂ, ਨਿਮਾਣਿਆਂ, ਨਿਤਾਣਿਆਂ ਅਤੇ ਬੇ-ਆਸਰਿਆਂ ਦਾ ਆਸਰਾ ਬਣਨ ਲਈ ਮੈਦਾਨ ਵਿਚ ਨਿੱਤਰ ਤੁਰੀ। ਇਸ ਮੰਤਵ ਲਈ ਉਸ ਨੇ ਇੱਕ ਐੱਨ. ਜੀ. ਓ., “ਕੁਦਰਤ ਮਾਨਵ ਲੋਕ ਲਹਿਰ ਗੁਰੂਕੁਲ (ਰਜਿ.) ਜਿਲਾ ਸੰਗਰੂਰ” ਦੀ ਸਥਾਪਨਾ ਕੀਤੀ, ਜਿਸ ਦੇ ਤਹਿਤ ਉਸਨੇ ਅੱਜ ਤੋਂ 17 ਸਾਲ ਪਹਿਲਾਂ ਤੋਂ ਪਿੰਡ ਕਾਤਰੋਂ ਵਿਖੇ, “ਫ੍ਰੀ ਗੁਰੂਕੁਲ ਸਿੱਖਿਆ ਕੇਂਦਰ” ਵੀ ਖੋਲਿਆ ਜਿੱਥੇ ਕਿ ਲੋੜਵੰਦ ਗਰੀਬ ਬੱਚਿਆਂ ਲਈ ਕਿਤਾਬਾਂ ਦਾ ਅਤੇ ਉਨਾਂ ਦੀਆਂ ਫ਼ੀਸਾਂ ਦਾ ਪ੍ਰਬੰਧ ਕਰਨਾ, ਕੰਪਿਊਟਰ ਸਿੱਖਿਆ, ਔਰਤਾਂ ਨੂੰ ਸਿਲਾਈ ਕਢਾਈ, ਬਿਊਟੀਸ਼ਨ ਟਰੇਨਿੰਗ ਦੇ ਕੇ ਉਨਾਂ ਨੂੰ ਸੰਸਥਾ ਦੁਆਰਾ ਮੁਫਤ ਸਿਲਾਈ ਮਸੀਨਾਂ ਵੰਡ ਕੇ ਆਤਮ ਨਿਰਭਰ ਬਣਾਉਣ ਦੇ ਨਾਲ ਨਾਲ ਭਰੂਣ ਹੱਤਿਆ ਵਿਰੁੱਧ ਅਤੇ ਨਸ਼ਿਆਂ ਦੇ ਖਿਲਾਫ ਸੈਮੀਨਾਰ ਕਰਵਾਉਣੇ, ਵਾਤਾਵਰਨ ਦੀ ਸੁੱਧਤਾ ਲਈ ਪੇੜ-ਪੌਦੇ ਲਗਾਉਣੇ ਆਦਿ ਕੰਮ ਉਸ ਦੀ ਸੰਸਥਾ ਦੁਆਰਾ ਕੀਤੇ ਜਾ ਰਹੇ ਹਨ। ਇਸ ਐੱਨ.ਜੀ. ਓ. ਦੀਆਂ ਟ੍ਰੇਨਿੰਗ ਸ਼ੁਦਾ ਬਹੁਤ ਸਾਰੀਆਂ ਲੜਕੀਆਂ ਕਿੱਤਾ ਮੁਖੀ ਰੁਜਗਾਰ ਅਪਣਾਕੇ ਆਪਣਾ ਤੇ ਆਪਣੇ ਪਰਿਵਾਰਾਂ ਦਾ ਪੇਟ ਪਾਲ ਰਹੀਆਂ ਹਨ। ਜੋ ਸਿੱਖਿਆਰਥਣਾ ਲੜਕੀਆਂ ਸਮਾਜ ਅੰਦਰ ਵਧੀਆ ਕੰਮ ਕਰ ਰਹੀਆਂ ਹਨ ਉਨਾਂ ਨੂੰ ਸੰਸਥਾਂ ਵੱਲੋਂ ਸਨਮਾਨਿਤ ਵੀ ਕੀਤਾ ਜਾਂਦਾ ਹੈ।

# ਕੋਰੋਨਾ ਮਹਾਮਾਰੀ ਸਿਖਰ ’ਤੇ ਸਿਹਤ ਵਿਭਾਗ ਦੇ ਠੇਕਾ ਮੁਲਾਜਮਾਂ ਹੜਤਾਲ ਤੇ




**ਪਠਾਨਕੋਟ/ਸ਼ਾਹਪੁਰ ਕੰਢੀ/ਸੁੱਖਵਿੰਦਰ ਜੰਡੀਰ**
ਦੇਸ਼ ਭਰ ਵਿੱਚ ਕੋਰੋਨਾ ਮਹਾਂਮਾਰੀ ਦੇ ਦੂਜੇ ਦੌਰ ਨੇ ਆਪਣੀ ਪਕੜ ਮਜਬੂਤ ਕਰ ਰਹੀ ਹੈ ਜਿਸ ਦੇ ਚਲਦਿਆਂ ਕੇਂਦਰ ਸਰਕਾਰ ਤੇ ਸੂਬਾ ਸਰਕਾਰਾਂ ਵੱਲੋਂ ਲਗਾਤਾਰ ਇਸ ਨੂੰ ਹਰਾਉਣ ਲਈ ਯਤਨ ਕੀਤੇ ਜਾ ਰਹੇ ਹਨ ਜਿਸ ਵਿੱਚ ਸਭ ਤੋਂ ਵੱਡਾ ਰੋਲ ਸਿਹਤ ਵਿਭਾਗ ਦੀਆਂ ਟੀਮਾਂ ਨਿਭਾ ਰਹੀਆਂ ਹਨ ਤੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਲਗਾਤਾਰ ਕੋਰੋਨਾ ਮਹਾਂਮਾਰੀ ਦਾ ਸ਼ਿਕਾਰ ਹੋਏ ਲੋਕਾਂ ਦਾ ਇਲਾਜ ਕਰ ਰਹੀਆਂ ਹਨ ਤੇ ਲੋਕਾਂ ਨੂੰ ਲਗਾਤਾਰ ਕੋਰੋਨਾ ਮਹਾਂਮਾਰੀ ਤੋਂ ਬਚਣ ਲਈ ਜਾਗਰੂਕ ਵੀ ਕਰ ਰਹੀਆਂ ਹਨ ਇਸ ਤੋਂ ਪਹਿਲਾਂ ਵੀ ਕੋਰੋਨਾ ਮਹਾਂਮਾਰੀ ਦੇ ਪਹਿਲੇ ਚਰਨ ਵਿਚ ਜਦੋਂ ਕੋਰੋਨਾ ਮਹਾਂਮਾਰੀ ਦੇ ਵਧ ਰਹੇ ਪ੍ਰਭਾਵ ਨੂੰ ਦੇਖਦੇ ਹੋਏ ਦੇਸ਼ ਭਰ ਵਿਚ ਲੋਕ ਡਾਊਨ ਕਰ ਦਿੱਤਾ ਸੀ ਉਸ ਸਮੇਂ ਵੀ ਸਿਹਤ ਵਿਭਾਗ ਦੀਆਂ ਟੀਮਾਂ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਲਗਾਤਾਰ ਲੋਕਾਂ ਦੀ ਸੇਵਾ ਕੀਤੀ ਸੀ ਤੇ ਹੁਣ ਇਸ ਮਹਾਂਮਾਰੀ ਦੇ ਦੂਜੇ ਦੌਰ ਵਿੱਚ ਵੀ ਲਗਾਤਾਰ ਸਿਹਤ ਵਿਭਾਗ ਦੀਆਂ ਟੀਮਾਂ ਲੋਕਾਂ ਦੀ ਸੇਵਾ ਕਰ ਰਹੀਆਂ ਹਨ ਉਸ ਸਮੇਂ ਸਿਹਤ ਵਿਭਾਗ ਵਿਚ ਠੇਕੇ ਤੇ ਕੰਮ ਕਰ ਰਹੇ ਮੁਲਾਜਮਾਂ ਵੱਲੋਂ ਇਕ ਮੰਗ ਚੁੱਕੀ ਗਈ ਸੀ ਕਿ ਸਰਕਾਰ ਸਿਹਤ ਵਿਭਾਗ ਵਿੱਚ ਕੰਮ ਕਰ ਰਹੇ ਠੇਕਾ ਮੁਲਾਜਮਾਂ ਨੂੰ ਪੱਕੇ ਤੌਰ ਤੇ ਰੱਖੇਉਸੇ ਮੰਗ ਨੂੰ ਦੁਹਰਾਉਂਦੇ ਹੋਏ ਅੱਜ ਵੀ ਪੂਰੇ ਪੰਜਾਬ ਭਰ ਦੇ ਸਿਹਤ ਵਿਭਾਗ ਦੇ ਠੇਕਾ ਮੁਲਾਜ਼ਮਾਂ ਵੱਲੋਂ ਪੰਜਾਬ ਸਰਕਾਰ ਪ੍ਰਤੀ ਰੋਸ ਜਤਾਇਆ ਗਿਆ ਜਿਸ ਦੇ ਚੱਲਦਿਆਂ ਪਠਾਨਕੋਟ ਦੇ ਸੀਐਸਸੀ ਸੈਂਟਰ ਬਧਾਨੀ ਵਿਚ ਵੀ ਸਿਹਤ ਵਿਭਾਗ ਵਿੱਚ ਕੰਮ ਕਰ ਰਹੇ ਠੇਕਾ ਮੁਲਾਜਮਾਂ ਨੇ ਰੋਸ ਜਤਾਉਂਦੇ ਹੋਏ ਪੰਜਾਬ ਸਰਕਾਰ ਦੇ ਵਿਰੋਧ ਚ ਧਰਨਾ ਦਿੱਤਾ ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਡਾ ਹਰਜਿੰਦਰ ਨੇ ਦੱਸਿਆ ਕਿ ਜੋ ਮੁਲਾਜਮ ਅੱਜ ਇਸ ਮਹਾਂਮਾਰੀ ਤੇ ਆਮ ਲੋਕਾਂ ਦੇ ਵਿੱਚ ਘਾਰ ਸੁਰੱਖਿਆ ਕਵਚ ਦੀ ਭੂਮਿਕਾ ਨਿਭਾ ਰਹੇ ਹਨ ਉਨ੍ਹਾਂ ਨੂੰ ਸਰਕਾਰ ਦੀਆਂ ਮੁਲਾਜਮ ਵਿਰੋਧੀ ਨੀਤੀਆਂ ਨੇ ਬੇਘਰ ਕਰ ਕੇ ਸੜਕਾਂ ਤੇ ਰੁਲਣ ਲਈ ਮਜਬੂਰ ਕਰ ਦਿੱਤਾ ਹੈ ਉਨ੍ਹਾਂ ਦੱਸਿਆ ਕਿ ਇਸ ਭਿਆਨਕ ਮਹਾਂਮਾਰੀ ਦੀ ਸ਼ੁਰੂਆਤ ਦੇ ਸਮੇਂ ਸਿਹਤ ਵਿਭਾਗ ਵਿੱਚ ਕੰਮ ਕਰ ਰਹੇ ਜਿਨ੍ਹਾਂ ਠੇਕਾ ਮੁਲਾਜਮਾਂ ਵੱਲੋਂ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਇਸ ਮਹਾਂਮਾਰੀ ਦੇ ਦੌਰ ਵਿੱਚ ਵੀ ਲੋਕਾਂ ਦੀ ਸੇਵਾ ਕੀਤੀ ਗਈ ਸੀ ਇਨ੍ਹਾਂ ਠੇਕਾ ਮੁਲਾਜਮਾਂ ਵੱਲੋਂ ਇਕ ਮੰਗ ਰੱਖੀ ਗਈ ਸੀ ਕਿ ਉਨ੍ਹਾਂ ਨੂੰ ਪੱਕੇ ਤੌਰ ਤੇ ਸਿਹਤ ਵਿਭਾਗ ਵਿੱਚ ਰੱਖਿਆ ਜਾਵੇ ਉਨ੍ਹਾਂ ਦੱਸਿਆ ਕਿ ਉਸ ਸਮੇਂ ਸਰਕਾਰ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਠੇਕੇ ਤੇ ਕੰਮ ਕਰ ਰਹੇ ਇਨ੍ਹਾਂ ਮੁਲਾਜ਼ਮਾਂ ਨੂੰ 3 ਮਹੀਨਿਆਂ ਦੇ ਵਿੱਚ ਪੱਕਾ ਕਰ ਦਿੱਤਾ ਜਾਵੇਗਾ ਪਰ ਅਜੇ ਤਕ ਉਨ੍ਹਾਂ ਦੀ ਇਸ ਮੰਗ ਨੂੰ ਪੂਰਾ ਨਹੀਂ ਕੀਤਾ ਗਿਆ ਤੇ ਹੁਣ ਸਰਕਾਰ ਇਨ੍ਹਾਂ ਪੜ੍ਹੇ ਲਿਖੇ ਮੁਲਾਜ਼ਮਾਂ ਦੀ ਮੰਗ ਦੀ ਅਣਦੇਖੀ ਕਰ ਰਹੀ ਹੈ ਇਸ ਮੌਕੇ ਸਮੂਹ ਮੁਲਾਜਮਾਂ ਨੇ ਸਰਕਾਰ ਨੂੰ ਦੱਸਦੇ ਹੋਏ ਕਿਹਾ ਕਿ 27 ਅਪਰੈਲ ਨੂੰ ਸਿਹਤ ਵਿਭਾਗ ਵਿੱਚ ਕੰਮ ਕਰ ਰਹੇ ਸਮੂਹ ਠੇਕਾ ਮੁਲਾਜ਼ਮਾਂ ਵੱਲੋਂ ਮੁਕੰਮਲ ਕੰਮ ਬੰਦ ਕਰ ਕੇ ਜ਼ਿਲ੍ਹਾ ਪੱਧਰ ਤੇ ਸਰਕਾਰ ਦਾ ਵਿਰੋਧ ਕੀਤਾ ਜਾਵੇਗਾ ਤੇ ਜਦੋਂ ਤੱਕ ਸਰਕਾਰ ਉਨ੍ਹਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਨਹੀਂ ਦਿੰਦੀ ਉਦੋਂ ਤੱਕ ਉਨ੍ਹਾਂ ਦਾ ਇਹ ਪ੍ਰਦਰਸ਼ਨ ਜਾਰੀ ਰਹੇਗਾ ਉਨ੍ਹਾਂ ਕਿਹਾ ਕਿ ਇਸ ਸੰਘਰਸ਼ ਦੇ ਸਿੱਟੇ ਵਜੋਂ ਭਵਿੱਖ ਵਿੱਚ ਜੇਕਰ ਵਿਭਾਗ ਦਾ ਕੋਈ ਵੀ ਕੰਮ ਪ੍ਰਭਾਵਿਤ ਹੁੰਦਾ ਹੈ ਤਾਂ ਉਸ ਦੀ ਸਾਰੀ ਜੰਮਿਵਾਰੀ ਸਬੰਧਤ ਵਿਭਾਗ ਦੀ ਹੋਵੇਗੀ ਇਸ ਮੌਕੇ ਐੱਚ ਐੱਸ ਗੁਰਾਇਆਂ ਡਾ ਸ਼ਾਮ ਸਿੰਘ ਨਾਗਪਾਲ ਅਸ਼ਿਸ਼ ਪੂਜਾ ਗੁਪਤਾ ਮੰਜੂ ਬਾਲਾ ਅਮਨਦੀਪ ਕੁਲਦੀਪ ਕੁਮਾਰ ਸੰਦੀਪ ਕੁਮਾਰ ਮਨਦੀਪ ਕਵਿਤਾ ਭਾਵਨਾ ਪੁਸ਼ਪਾ ਸ਼ਿਵਮ ਸ਼ਿਲਪਾ ਅੰਕੁਸ਼ ਦੀਪਕ ਪ੍ਰਭਜੋਤ ਪਰਮਜੋਤ ਅਮਨ ਸੋਨਾਲੀ ਰਿਕਵਿੰਦਰ ਕੌਰ ਤੇ ਹੋਰ ਲੋਕ ਮੌਜੂਦ ਸਨ।

# ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀ ਜੀਵਨ ਵਿੱਚ ਖੇਡਾਂ ਦਾ ਮਹੱਤਵ

ਖੇਡਣਾ ਮਨੁੱਖ ਦੀ ਸਹਿਜ ਸੁਭਾਵਿਕ ਪ੍ਰਵਿਰਤੀ ਹੈ। ਖੇਡਾਂ ਜੀਵਨ ਦਾ ਖੇੜਾ ਹਨ। ਇਹ ਵਿਦਿਆਰਥੀ ਦੀ ਸਮੁੱਚੀ ਸਖਸੀਅਤ ਦੇ ਵਿਕਾਸ ਦੇ ਮੁੱਖ ਸੋਮਿਆਂ ਵਿਚੋਂ ਇੱਕ ਹਨ। ਖੇਡਾਂ ਦਾ ਮੁੱਖ ਟੀਚਾ ਵਿਦਿਆਰਥੀ ਦਾ ਪੂਰਨ ਵਿਕਾਸ ਕਰਦੇ ਹੋਏ ਸਿੱਖਿਆ, ਗਿਆਨ ਅਤੇ ਉੱਨਤੀ ਦੇ ਨਾਲ-ਨਾਲ ਭਰਪੂਰ ਮਨੋਰੰਜਨ ਦੇਣਾ ਹੈ। ਖੇਡਾਂ ਵਿਦਿਆਰਥੀ ਵਿੱਚ ਅਨੇਕਾਂ ਗੁਣ ਪੈਦਾ ਕਰਦੀਆਂ ਹਨ। ਖੇਡਾਂ ਵਿਦਿਆਰਥੀ ਜੀਵਨ ਦਾ ਅਨਿੱਖੜਵਾਂ ਅੰਗ ਹਨ। ਸਿੱਖਿਆ ਦੇ ਨਾਲ-ਨਾਲ ਵਿਦਿਆਰਥੀ ਲਈ ਖੇਡਾਂ ਵੀ ਜਰੂਰੀ ਹਨ। ਨਿਰੇ ਕਿਤਾਬੀ ਕੀੜੇ ਜੀਂਦਗੀ ਦੀ ਦੌੜ ਵਿੱਚ ਪਿੱਛੇ ਰਹਿ ਜਾਂਦੇ ਹਨ । ਇਸ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਕਿਸੇ ਨਾ ਕਿਸੇ ਖੇਡ ਵਿੱਚ ਜਰੂਰ ਹਿੱਸਾ ਲੈਣ । ਸਵੇਰੇ ਦੋ ਘੰਟੇ ਤੇ ਸਾਮੀਂ ਦੋ ਘੰਟੇ ਖੇਡਣ ਨਾਲ ਚਿਹਰੇ ‘ ਤੇ ਰੌਣਕ ਛਾ ਜਾਂਦੀ ਹੈ । ਖੇਡਾਂ ਆਚਰਨ ਉਸਾਰੀ ਵਿਚ ਵੱਡਾ ਯੋਗਦਾਨ ਪਾਉਂਦੀਆਂ ਹਨ। ਖੇਡਾਂ ਆਸਾਵਾਦੀ ਬਣਨ ਵਿਚ ਸਹਾਇਤਾ ਕਰਦੀਆਂ ਹਨ ਖੇਡਣ ਨਾਲ ਮੁਕਾਬਲੇ ਦੀ ਭਾਵਨਾ ਪੈਦਾ ਹੁੰਦੀ ਹੈ

**ਮਹਾਤਮਾ ਗਾਂਧੀ ਜੀ ਨੇ ਠੀਕ ਹੀ ਆਖਿਆ ਹੈ ਕਿ ਨਰੋਏ ਸਰੀਰ ਵਿਚ ਨਰੋਇਆ ਦਿਮਾਗ ਹੁੰਦਾ ਹੈ।**

ਸਿੱਖਿਆ ਸੰਸਥਾਵਾਂ ਵਿੱਚ ਵਿੱਦਿਆ ਹਾਸਲ ਕਰ ਰਹੇ ਵਿਦਿਆਰਥੀਆਂ ਨੂੰ ਪੜਾਈ ਦੇ ਨਾਲ ਨਾਲ ਖੇਡਾਂ ਵਿੱਚ



ਗਗਨਦੀਪ ਧਾਲੀਵਾਲ ਝਲੂਰ ਬਰਨਾਲਾ
ਜਨਰਲ ਸਕੱਤਰ ਮਹਿਲਾ ਕਾਵਿ ਮੰਚ ਪੰਜਾਬ

ਵੀ ਵਿਸੇਸ਼ ਰੁਚੀ ਲੈਣੀ ਦੀ ਜਰੂਰਤ ਹੈ. ਕਿਉਂਕਿ ਖੇਡਾ ਸਰੀਰਿਕ ਵਿਕਾਸ ਦੇ ਨਾਲ ਨਾਲ ਮਾਨਸਿਕ ਤੋਰ ਤੇ ਵੀ ਵਿਦਿਆਰਥੀਆਂ ਨੂੰ ਮਜਬੂਤ ਬਣਾਉਦੀਆਂ ਹਨ। ਖੇਡਾਂ ਨੌਜਵਾਨਾਂ ਨੂੰ ਸਕਾਰਾਤਮਕ ਸੋਚ ਦਾ ਧਾਰਨੀ ਬਣਾਉਂਦੀਆਂ ਹਨ। ਵਿਦਿਆਰਥੀਆਂ ਲਈ ਜਿੱਥੇ ਪੜਾਈ ਦੀ ਜਰਰਤ ਹੈ, ਉੱਥੇ ਖੇਡਾਂ ਖੇਡਣੀਆਂ ਵੀ ਓਨੀਆਂ ਹੀ ਜਰੂਰੀ ਹਨ। ਇਸੇ ਕਰਕੇ ਸਕੂਲਾਂ-ਕਾਲਜਾਂ ਵਿਚ ਬਾਕੀ ਵਿਸਿਆਂ ਦੇ ਨਾਲ-ਨਾਲ ਖੇਡਾਂ ਦੇ ਵਿਸੇ ਨੂੰ ਵੀ ਜਰੂਰੀ ਰੱਖਿਆ ਗਿਆ ਹੈ। ਸਕੂਲਾਂ ਵਿਚ ਖੇਡਾਂ ਖਿਡਾਉਣ ਲਈ ਬਕਾਇਦਾ ਕੋਚ, ਪੀ.ਟੀ.ਆਈ., ਡੀ.ਪੀ.ਈ. ਆਦਿ ਰੱਖੇ ਜਾਂਦੇ ਹਨ॥ ਸਕਲ ਦੇ ਟਾਈਮ ਟੇਬਲ ਵਿਚ ਵਿਦਿਆਰਥੀਆਂ ਨੂੰ ਖਿਡਾਉਣ ਲਈ ਵਿਸੇਸ ਤੌਰ ‘ਤੇ ਖੇਡਾਂ ਦੇ ਪੀਰੀਅਡ ਰੱਖੇ ਜਾਂਦੇ ਹਨ।ਖੇਡਾਂ ਵਿਦਿਆਰਥੀਆਂ ਅੰਦਰ ਨੈਤਿਕ ਗੁਣਾਂ, ਜਿਵੇਂ ਸਹਿਣਸ਼ੀਲਤਾ, ਅਨੁਸ਼ਾਸਨ, ਸਦਾਚਾਰ, ਜਿੱਤਣ ਦੀ ਤਾਂਘ, ਆਪਸੀ ਪ੍ਰੇਮ ਪਿਆਰ, ਇਕਜੁੱਟਤਾ, ਸਬਰ ਆਦਿ ਕੁੱਟ-ਕੁੱਟ ਕੇ ਭਰਦੀਆਂ ਹਨ। ਖਿਡਾਰੀ ਕਿਸੇ ਵੀ ਦੇਸ਼ ਜਾਂ ਕੌਮ ਦੇ ਕੀਮਤੀ ਗਹਿਣੇ ਹੁੰਦੇ ਹਨ। ਜਦੋਂ ਉਹ ਆਪਣੀ ਖੇਡ ਜ਼ਰੀਏ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਜਿੱਤ ਦੇ ਝੰਡੇ ਗੱਡਦੇ ਹਨ ਤਾਂ ਸਮੁੱਚੇ ਦੇਸ਼-ਵਾਸੀਆਂ ਦਾ ਸੀਨਾ ਚੌੜਾ ਹੋ ਜਾਂਦਾ ਹੈ।ਹਾਕੀ, ਫੁੱਟਬਾਲ, ਕ੍ਰਿਕਟ, ਬਾਸਕਟਬਾਲ, ਕਬੱਡੀ ਆਦਿ ਖੇਡਾਂ ਟੀਮ ਭਾਵਨਾ ਨਾਲ ਖੇਡੀਆਂ ਜਾਂਦੀਆਂ ਹਨ, ਜਿਸ ਨਾਲ ਖਿਡਾਰੀ ਇਕਜੁੱਟਤਾ ਤੇ ਸਹਿਯੋਗ ਆਦਿ ਗੁਣ ਸਹਿਜੇ ਸਿੱਖ ਜਾਂਦੇ ਹਨ। ਅਨੁਸ਼ਾਸਨ ਵਿਚ ਰਹਿਣਾ ਤਾਂ ਖਿਡਾਰੀ ਦੀ ਜ਼ਿੰਦਗੀ ਦਾ ਹਿੱਸਾ ਬਣ ਜਾਂਦਾ ਹੈ, ਜਿਸ ਦਾ ਲਾਭ ਉਨ੍ਹਾਂ ਨੂੰ ਜ਼ਿੰਦਗੀ ਦੇ ਹਰ ਮੁਕਾਮ ‘ਤੇ ਮਿਲਦਾ ਹੈ।ਪਸੀਨਾ ਨਿਕਲਣ ਨਾਲ ਕਈ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ । ਖੇਡਾਂ ਮਨ ਵਿੱਚ ਟਿਕਾਅ ਤੇ ਇਕਾਗਰਤਾ ਪੈਦਾ ਕਰਦੀਆਂ ਹਨ । ਖੇਡਾਂ ਨਾਲ ਅਨੁਸਾਸਨ ਅਤੇ ਭਾਈਚਾਰੇ ਦੀ ਭਾਵਨਾ ਵੀ ਵਧਦੀ ਹੈ । ਇਹ ਜਿੱਤ-ਹਾਰ ਦਾ ਸਾਹਮਣਾ ਕਰਨ ਦੀ ਸਕਤੀ ਵੀ ਪ੍ਰਦਾਨ ਕਰਦੀਆਂ ਹਨ ।ਖੇਡਾਂ ਦਿਲਪ੍ਰਚਾਵੇ ਦਾ ਵੀ ਇੱਕ ਵਧੀਆ ਸਾਧਨ ਹਨ । ਇਨ੍ਹਾਂ ਨਾਲ ਮਨ ਖੁਸੀ ਮਹਿਸੂਸ ਕਰਦਾ ਹੈ । ਖੇਡਾਂ ਸਰੀਰ ਰੂਪੀ ਮਸੀਨ ਲਈ ਤੇਲ ਦਾ ਕੰਮ ਕਰਦੀਆਂ ਹਨ । ਖਿੜਿਆ ਹੋਇਆ ਮਨ ਤੇ ਅਰੋਗ ਸਰੀਰ ਆਲੇ-ਦੁਆਲੇ ਨੂੰ ਵੀ ਮਹਿਕਾ ਦਿੰਦਾ ਹੈ । ਜਿਹੜਾ ਵਿਦਿਆਰਥੀ ਖੇਡਾਂ ਖੇਡਣ ਦਾ ਸੌਕੀਨ ਹੁੰਦਾ ਹੈ , ਉਸ ਦਾ ਵਿਹਾਰ ਬਾਕੀ ਬੱਚਿਆਂ ਨਾਲੋਂ ਕਿਤੇ ਚੰਗਾ ਹੁੰਦਾ ਹੈ । ਕਈ ਖਿਡਾਰੀ ਤਾਂ ਆਪਣੇ ਵਿਦਿਆਰਥੀ ਜੀਵਨ ਵਿੱਚ ਹੀ ਉੱਚੀਆਂ ਮੱਲਾਂ ਮਾਰ ਲੈਂਦੇ ਹਨ । ਉਹ ਨੈਸਨਲ ਤੇ ਇੰਟਰਨੈਸਨਲ ਤੱਕ ਦੇ ਖਿਡਾਰੀ ਬਣ ਜਾਂਦੇ ਹਨ ਤੇ ਜੀਵਨ ਵਿੱਚ ਉੱਚਾ ਨਾਂ ਤੇ ਪ੍ਰਸਿੱਧੀ ਹਾਸਲ ਕਰਦੇ ਹਨ । ਅਸੀਂ ਵੇਖ ਸਕਦੇ ਹਾਂ ਕਿ ਕਈ ਚੰਗੇ ਖਿਡਾਰੀ ਵੱਡੇ ਅਹੁਦਿਆਂ ‘ ਤੇ ਨੌਕਰੀਆਂ ਕਰ ਰਹੇ ਹਨ ।ਖੇਡਾਂ ਬੱਚਿਆਂ ਦੇ ਮੂਹ ਤੇ ਖੇੜਾ ਲਿਆਉਂਦੀਆਂ ਹਨ। ਖੇਡਾਂ ਖੇਡਣ ਨਾਲ ਸਰੀਰ ਵਿੱਚ ਤਾਜਗੀ ਤੇ ਫੁਰਤੀ ਪੈਦਾ ਹੁੰਦੀ ਹੈ ਅਤੇ ਵਿਦਿਆਰਥੀਆਂ ਦੀ ਥਕਾਵਟ ਦੂਰ ਕਰਦੀਆਂ ਹਨ। ਇਹਨਾਂ ਰਾਹੀ ਦਿਮਾਗ ਹੌਲਾ ਤੇ ਤਾਜ਼ਾ ਹੁੰਦਾ ਹੈ। ਖੇਡਾਂ ਰਹੀ ਸਕੂਲਾਂ ਵਿਚ ਅਨੁਸ਼ਾਸਨ ਦੀ ਕਮੀ ਦੀ ਸਮਸਿਆ ਨੂੰ ਹਲ ਕੀਤਾ ਜਾ ਸਕਦਾ ਹੈ। ਖੇਡਾਂ ਅਰੋਗਤਾ ਬਖਸ਼ਦੀਆਂ ਹਨ।

# ਐਮ.ਪੀ. ਬਿੱਟੂ ਵੱਲੋਂ ਸਿਵਲ ਹਸਪਤਾਲ 'ਚ ਆਈਸੋਲੇਸ਼ਨ ਵਾਰਡ ਤੇ ਬੈਡਾਂ ਦਾ ਲਿਆ ਜਾਇਜ਼ਾ



**ਲੁਧਿਆਣਾ/ਸੁਖਚੈਨ ਮਹਿਰਾ**

ਲੋਕ ਸਭਾ ਮੈਂਬਰ ਸ.ਰਵਨੀਤ ਸਿੰਘ ਬਿੱਟੂ ਵੱਲੋਂ ਅੱਜ ਸਿਵਲ ਹਸਪਤਾਲ ਲੁਧਿਆਣਾ ਦਾ ਦੌਰਾ ਕੀਤਾ ਅਤੇ ਉਥੇ ਆਈਸੋਲੇਸ਼ਨ ਵਾਰਡਾਂ ਅਤੇ ਬੈਡਾਂ ਦਾ ਜਾਇਜ਼ਾ ਲਿਆ। ਸਿਵਲ ਹਸਪਤਾਲ ਵਿਚ ਅਧਿਕਾਰੀਆਂ ਨਾਲ ਮੀਟਿੰਗ ਕਰਨ ਤੋਂ ਬਾਅਦ ਬਿੱਟੂ ਨੇ ਕੋਵਿਡ ਮਰੀਜ਼ਾਂ ਦੇ ਇਲਾਜ ਲਈ ਵਰਤੇ ਜਾ ਰਹੇ ਆਇਸੋਲੇਸ਼ਨ ਵਾਰਡਾਂ ਅਤੇ ਸਾਰੇ ਜ਼ਰੂਰੀ ਉਪਕਰਣਾਂ ਦਾ ਨਿਰੀਖਣ ਕੀਤਾ। ਸੰਸਦ ਮੈਂਬਰ ਨੇ ਮੈਡੀਕਲ ਸਟਾਫ ਨਾਲ ਗੱਲਬਾਤ ਕੀਤੀ ਅਤੇ ਮਹਾਂਮਾਰੀ ਵਿੱਚ ਸਮਾਜ ਪ੍ਰਤੀ ਉਨ੍ਹਾਂ ਦੇ ਸਮਰਪਣ ਅਤੇ ਮਿਹਨਤ ਦੀ ਸ਼ਲਾਘਾ ਕੀਤੀ। ਹਸਪਤਾਲ ਵਿਚ ਕੀਤੇ ਪ੍ਰਬੰਧਾਂ 'ਤੇ ਪੂਰਨ ਸੰਤੁਸ਼ਟੀ ਜ਼ਾਹਰ ਕਰਦਿਆਂ, ਸੰਸਦ ਮੈਂਬਰ ਨੇ ਕਿਹਾ ਕਿ ਨਿੱਜੀ ਹਸਪਤਾਲਾਂ ਨੇ ਕੋਵਿਡ ਮਾਮਲਿਆਂ ਵਿਚ ਮੌਜੂਦਾ ਤੇਜ਼ੀ ਨਾਲ ਹੋ ਰਹੇ ਵਾਧੇ ਨੂੰ ਰੋਕਣ ਲਈ ਪਹਿਲਾਂ ਹੀ ਆਪਣੇ ਆਪਣੇ ਹਸਪਤਾਲਾਂ ਵਿਚ ਵਿਸ਼ੇਸ਼ ਆਇਸੋਲੇਸ਼ਨ ਵਾਰਡ ਸਥਾਪਤ ਕੀਤੇ ਹਨ.ਸੰਸਦ ਮੈਂਬਰ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਤੋਂ ਘਬਰਾਉਣ ਦੀ ਜ਼ਰੂਰਤ ਨਹੀਂ ਹੈ ਅਤੇ ਕਿਹਾ ਕਿ ਪੰਜਾਬ ਸਰਕਾਰ ਦੂਜੀ ਲਹਿਰ ਨਾਲ ਨਜਿੱਠਣ ਲਈ ਹਰ ਪੱਖੋਂ ਸਮਰੱਥ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਵਾਇਰਸ ਇਕ ਵਿਸ਼ਾਲ ਵਿਸ਼ਵਵਿਆਪੀ ਖ਼ਤਰੇ ਵਜੋਂ ਉੱਭਰਿਆ ਹੈ ਅਤੇ ਕਿਹਾ ਕਿ ਇਸ ਮਹਾਂਮਾਰੀ ਤੋਂ ਬਚਾਅ ਦਾ ਇਕੋ ਰਸਤਾ ਇਸਦੀ ਰੋਕਥਾਮ ਹੈ। ਉਨ੍ਹਾਂ ਡਰੱਗ ਵਿਭਾਗ ਨੂੰ ਆਕਸੀਜਨ ਅਤੇ ਹੋਰ ਜ਼ਰੂਰੀ ਦਵਾਈਆਂ ਦੀ ਕਾਲਾ ਬਾਜ਼ਾਰੀ 'ਤੇ ਤਿੱਖੀ ਨਜ਼ਰ ਰੱਖਣ ਲਈ ਕਿਹਾ ਅਤੇ ਇਸ ਵਿੱਚ ਸ਼ਾਮਲ ਵਿਅਕਤੀਆਂ ਨਾਲ ਕਰੜੇ ਹੱਥੀ ਨਜਿੱਠਣ ਦੀ ਵੀ ਚੇਤਾਵਨੀ ਦਿੱਤੀ। ਉਨ੍ਹਾਂ ਕਿਹਾ ਕਿ ਇਸ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਲੋਕਾਂ ਨੂੰ ਮਾਸਕ ਪਹਿਨਣ, ਸਮਾਜਕ ਦੂਰੀ ਅਤੇ ਹੱਥਾਂ ਦੀ ਸਫਾਈ ਰੱਖਣ ਅਤੇ ਸਰਕਾਰ ਵੱਲੋਂ ਜਾਰੀ ਵਾਇਰਸ ਨੂੰ ਰੋਕਣ ਲਈ ਜਾਰੀ ਕੀਤੇ ਦਿਸ਼ਾ-ਨਿਰਦੇਸ਼ਾਂ ਸਮੇਤ ਪ੍ਰੋਟੋਕੋਲ ਦੀ ਪਾਲਣਾ ਕਰਨ ਦੀ ਵੀ ਅਪੀਲ ਕੀਤੀ।

# ਕਰਫਿਊ ਦੀ ਉਲੰਘਣਾ ਕਰਨ ਤੇ ਥਾਣਾ ਸਾਹਪੁਰ ਕੰਢੀ ਪੁਲਿਸ ਨੇ ਕੀਤਾ ਮਾਮਲਾ ਦਰਜ

**ਪਠਾਨਕੋਟ/ਸ਼ਾਹਪੁਰਕੰਢੀ**
**ਸੁੱਖਵਿੰਦਰ ਜੰਡੀਰ**



ਕੋਰੋਨਾ ਦੇ ਵਧ ਰਹੇ ਪ੍ਰਭਾਵ ਨੂੰ ਦੇਖਦੇ ਹੋਏ ਸੂਬਾ ਸਰਕਾਰ ਵੱਲੋਂ ਲਗਾਤਾਰ ਇਸ ਤੇ ਕਾਬੂ ਪਾਉਣ ਲਈ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਜਿਸ ਦੇ ਚਲਦਿਆਂ ਰਾਤ ਦਾ ਕਰਫਿਊ ਦਾ ਐਲਾਨ ਵੀ ਕੀਤਾ ਹੋਇਆ ਹੈ ਤੇ ਪੁਲੀਸ ਪ੍ਰਸ਼ਾਸਨ ਵੱਲੋਂ ਵੀ ਸਖਤੀ ਵਰਤਦਿਆਂ ਹੋਇਆਂ ਕਰਫਿਊ ਦੀ ਉਲੰਘਣਾ ਕਰਨ ਵਾਲਿਆਂ ਤੇ ਕਾਰਵਾਈ ਵੀ ਕੀਤੀ ਜਾ ਰਹੀ ਹੈ ਜਿਸ ਦੇ ਚੱਲਦਿਆਂ ਥਾਣਾ ਸ਼ਾਹਪੁਰਕੰਢੀ ਪੁਲਸ ਨੇ ਕਰਫਿਊ ਦੀ ਉਲੰਘਣਾ ਕਰਨ ਵਾਲੇ 2 ਵੱਖ ਵੱਖ ਵਿਅਕਤੀਆਂ ਤੇ ਮਾਮਲਾ ਦਰਜ ਕੀਤੇ ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਭਾਰਤ ਭੂਸ਼ਨ ਸੈਣੀ ਨੇ ਦੱਸਿਆ ਕਿ ਏ ਐਸ ਆਈ ਸੁੰਦਰ ਕਰਫਿਊ ਡਿਊਟੀ ਲਈ ਬੈਂਕ ਚੌਕ ਜੁਗਿਆਲ ਕੋਲ ਪੁਲਸ ਪਾਰਟੀ ਸਹਿਤ ਮੌਜੂਦ ਸੀ ਕੀ ਉੱਥੇ ਇਕ ਮੋਨਾ ਵਿਅਕਤੀ ਘੁੰਮਦਾ ਦਿਖਾਈ ਦਿੱਤਾ ਜਿਸ ਨੂੰ ਏ ਐਸ ਆਈ ਸੁੰਦਰ ਨੇ ਪੁਲੀਸ ਪਾਰਟੀ ਦੀ ਮਦਦ ਨਾਲ ਕਾਬੂ ਕੀਤਾ ਤੇ ਉਸ ਤੋਂ ਉਸ ਦਾ ਨਾਮ ਪਤਾ ਪੁੱਛਿਆ ਤੇ ਉਸ ਨੇ ਆਪਣਾ ਨਾਮ ਜੋਗਿੰਦਰ ਪਾਲ ਵਾਸੀ ਰਾਜਪੁਰਾ ਦੱਸਿਆ ਜਦੋਂ ਉਸ ਨੂੰ ਕਰਫਿਊ ਵਿੱਚ ਲੱਗੇ ਲੋਕ ਡਾਉਨ ਦੋਰਾਨ ਕੋਈ ਪਾਸ ਜਾਂ ਪਰਮਿਟ ਦੱਸਣ ਲਈ ਕਿਹਾ ਤਾਂ ਉਹ ਕੋਈ ਵੀ ਪਾਸ ਨਹੀਂ ਦੱਸ ਸਕਿਆ ਜਿਸ ਉਤੇ ਕਰਫਿਊ ਦੀ ਉਲੰਘਣਾ ਕਰਨ ਲਈ ਮਾਮਲਾ ਦਰਜ ਕਰ ਲਿਆ ਗਿਆ ਦੂਜੇ ਮਾਮਲੇ ਵਿੱਚ ਏਐਸਆਈ ਅਸ਼ੋਕ ਪੁਲਸ ਪਾਰਟੀ ਸਹਿਤ ਡਿਊਟੀ ਲਈ ਛੰਨੀ ਮੋਆਲਾ ਮੋੜ ਤੇ ਖੜ੍ਹੇ ਸੀ ਕਿ ਇਕ ਵਿਅਕਤੀ ਕਰਫਿਉ ਦੌਰਾਨ ਬਾਹਰ ਘੁੰਮਦਾ ਦਿਖਾਈ ਦਿੱਤਾ ਜਦੋਂ ਉਸ ਤੋਂ ਉਸ ਦਾ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਅਮਰ ਚੰਦ ਵਾਸੀ ਰਾਣੀਪੁਰ ਦੱਸਿਆ ਜਦੋਂ ਉਸ ਤੋਂ ਕੋਈ ਕਰਫਿਊ ਪਾਸ ਦੱਸਣ ਲਈ ਕਿਹਾ ਗਿਆ ਤਾਂ ਉਹ ਕੋਈ ਵੀ ਕਾਫ਼ੀ ਪਾਸ ਨਹੀਂ ਦੱਸ ਸਕਿਆ ਜਿਸ ਉਤੇ ਕਰਫਿਉ ਦੀ ਉਲੰਘਣਾ ਕਰਨ ਨੂੰ ਲੈ ਕੇ ਮਾਮਲਾ ਦਰਜ ਕਰ ਲਿਆ ਗਿਆ।

# ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਗੁਰਚਰਨ ਸਿੰਘ ਚੰਨ ਨੂੰ ਸਦਮਾ ਚਾਚੇ ਦਾ ਦੇਹਾਂਤ



**ਪੱਟੀ/ਰਵੀਕਰਨ**

ਹਲਕਾ ਪੱਟੀ ਦੇ ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਗੁਰਚਰਨ ਸਿੰਘ ਚੰਨ ਨੂੰ ਉਸ ਵੇਲੇ ਸਦਮਾ ਲੱਗਾ ਜਦੋਂ ਉਹਨਾਂ ਦੇ ਚਾਚਾ ਸ੍ਰ:ਪੂਰਨ ਸਿੰਘ ਦਾ ਸੰਖੇਪ ਬਿਮਾਰੀ ਦੇ ਚਲਦਿਆਂ ਦੇਹਾਂਤ ਹੋ ਗਿਆ । ਪ੍ਰਾਪਤ ਜਾਣਕਾਰੀ ਅਨੁਸਾਰ ਚੰਨ ਜੀ ਦੇ ਚਾਚਾ ਜੀ ਪਿਛਲੇ ਲੰਬੇ ਸਮੇਂ ਤੋ ਬਿਮਾਰ ਸਨ ਅਤੇ ਓਹਨਾ ਦਾ ਇਲਾਜ ਚਲ ਰਿਹਾ ਸੀ ਅਤੇ ਅੱਜ ਸਵੇਰੇ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ ਦਸ ਦਈਏ ਕਿ ਸਵ: ਪੂਰਨ ਸਿੰਘ ਦੀ ਉਮਰ ਕਰੀਬ 60 - 65 ਸਾਲ ਸੀ ਤੇ ਉਹ ਆਪਣੇ ਪਿੱਛੇ ਆਪਣੀ ਪਤਨੀ ਅਤੇ ਆਪਣੀਆਂ 4 ਲੜਕੀਆਂ ਅਤੇ 2 ਲੜਕੇ ਛੱਡ ਗਏ ਹਨ । ਇਸ ਦੁੱਖ ਦੀ ਘੜੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਕੈਬਨਿਟ ਮੰਤਰੀ ਸ੍ਰ:ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਬੀਬਾ ਪਰਨੀਤ ਕੌਰ ਕੈਰੋਂ ਨੇ ਗੁਰਚਰਨ ਸਿੰਘ ਚੰਨ ਨਾਲ ਫੋਨ ਰਾਹੀ ਦੁੱਖ ਸਾਂਝਾ ਕੀਤਾ । ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਗੁਰਮੁਖ ਸਿੰਘ ਬਲੇਰ , ਖੁਸ਼ਵਿੰਦਰ ਭਾਟੀਆ , ਬੀ. ਸੀ. ਵਿੰਗ ਸਰਕਲ ਪ੍ਰਧਾਨ ਹਲਕਾ ਪੱਟੀ ਗੁਰਦੇਵ ਸਿੰਘ ਸੋਨੂ ਚੀਮਾ , ਜੰਗ ਸਿੰਘ ਫਰਨੀਚਰ ਹਾਊਸ ਵਾਲੇ , ਬਲਕਾਰ ਸਿੰਘ ਸੱਗੂ ਪ੍ਰਧਾਨ ,ਸਤਨਾਮ ਸਿੰਘ ਠੇਕੇਦਾਰ , ਅਮਰੀਕ ਸਿੰਘ ਭੁੱਲਰ , ਗੁਰਬਚਨ ਸਿੰਘ ਪਨੇਸਰ , ਡਾ ਕੁਲਵਿੰਦਰ ਸਿੰਘ , ਜਥੇਦਾਰ ਕਸ਼ਮੀਰ ਸਿੰਘ ,ਲਖਬੀਰ ਸਿੰਘ ਲੁਹਾਰੀਆ , ਜਗਮੀਤ ਭੁੱਲਰ , ਅਮਰ ਸਿੰਘ ਠੇਕੇਦਾਰ , ਜਗਤਾਰ ਸਿੰਘ ਠੇਕੇਦਾਰ , ਬਲਵਿੰਦਰ ਸਿੰਘ ਠੇਕੇਦਾਰ , ਬਰਿੰਦਰ ਸਿੰਘ ਬੱਬੀ , ਰਜਿੰਦਰ ਬਿੱਟੂ ਆਦਿ ਨੇ ਗੁਰਚਰਨ ਸਿੰਘ ਚੰਨ ਅਤੇ ਓਹਨਾ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ।

# ਖੁਰਾਕ ਸਪਲਾਈ ਵਿਭਾਗ ਦੀਆਂ ਟੀਮਾਂ ਵੱਲੋਂ ਲਿਫਟਿੰਗ 'ਚ ਤੇਜ਼ੀ ਲਿਆਉਣ ਲਈ ਰੱਖੇ ਖੇਤਰੀ ਦੌਰੇ ਜਾਰੀ



**ਲੁਧਿਆਣਾ/ਸੁਖਚੈਨ ਮਹਿਰਾ,**
**ਜਤਿੰਦਰ ਕੁਮਾਰ**

ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਖੁਰਾਕ ਅਤੇ ਸਪਲਾਈਜ ਕੰਟਰੋਲਰ (ਡੀ.ਐਫ.ਐਸ.ਸੀ) ਸ.ਸੁਖਵਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਖੁਰਾਕ ਸਪਲਾਈ ਵਿਭਾਗ ਦੀਆਂ ਟੀਮਾਂ ਨੇ ਖਰੀਦ ਕੀਤੇ ਸਟਾਕ ਦੀ ਲਿਫਟਿੰਗ ਦੀ ਰਫਤਾਰ ਨੂੰ ਤੇਜ਼ ਕਰਨ ਲਈ ਆਪਣੇ ਖੇਤਰੀ ਦੌਰੇ ਜਾਰੀ ਰੱਖੇ। ਡੀ.ਐਫ.ਐਸ.ਸੀ. ਨੇ ਆਪਣੀ ਟੀਮ ਦੇ ਨਾਲ ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ ਅਤੇ ਖਰੀਦ ਏਜੰਸੀਆਂ ਦੇ ਸਟਾਫ ਨਾਲ ਮੁਲਾਕਾਤ ਕੀਤੀ ਅਤੇ ਮੁੱਲਾਂਪੁਰ ਤੇ ਜਗਰਾਉਂ ਅਨਾਜ ਮੰਡੀਆਂ ਵਿੱਚ ਲਿਫਟਿੰਗ ਦੀ ਸਥਿਤੀ ਦਾ ਜਾਇਜ਼ਾ ਲਿਆ। ਕਿਸਾਨਾਂ ਅਤੇ ਆੜ੍ਹਤੀਆਂ ਨੇ ਕਿਹਾ ਕਿ ਮੰਡੀ ਵਿੱਚ ਕਣਕ ਦੀ ਲਗਾਤਾਰ ਆਮਦ ਕਿਸਾਨਾਂ ਵੱਲੋਂ ਫਸਲ ਦੀ ਨਿਰੰਤਰ ਵਾਢੀ ਦਾ ਨਤੀਜਾ ਹੈ। ਉਨ੍ਹਾਂ ਇਸ ਤੋਂ ਬਾਅਦ ਲਿਫਟਿੰਗ ਦੀ ਗਤੀ ਨੂੰ ਤੇਜ਼ ਕਰਨ ਦੀ ਮੰਗ ਵੀ ਕੀਤੀ ਜਿਸ ਤੋਂ ਬਾਅਦ ਡੀ.ਐਫ.ਐਸ.ਸੀ. ਨੇ ਠੇਕੇਦਾਰਾਂ ਨੂੰ ਇਸ ਮਾਮਲੇ ਦੀ ਘੋਖ ਕਰਨ ਅਤੇ ਅਨਾਜ ਮੰਡੀਆਂ ਤੋਂ ਬਿਨਾਂ ਕਿਸੇ ਦੇਰੀ ਕੀਤੇ ਸਟਾਕ ਨੂੰ ਕਲੀਅਰ ਕਰਨ ਲਈ ਵੀ ਕਿਹਾ। ਡੀ.ਐਫ.ਐਸ.ਸੀ. ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਪ੍ਰਸ਼ਾਸਨ ਕਿਸਾਨਾਂ ਦੇ ਅਨਾਜ ਦੇ ਇੱਕ-ਇੱਕ ਦਾਣੇ ਦੀ ਖਰੀਦ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ ਅਤੇ ਅਧਿਕਾਰੀਆਂ ਦੀ ਤਰਫੋਂ ਕਿਸੇ ਕਿਸਮ ਦੀ ਢਿੱਲ-ਮੱਠ ਨਹੀਂ ਵਰਤੀ ਜਾਵੇਗੀ।ਇਸ ਮੌਕੇ ਡੀ.ਐਫ.ਐਸ.ਓ ਸ.ਨਿਰਪਕਸ਼ ਮੱਟੂ, ਏ.ਐਫ.ਐਸ.ਓ ਸ.ਜਗਪਾਲ ਸਿੰਘ, ਇੰਸਪੈਕਟਰ ਸ.ਜਸਵਿੰਦਰ ਸਿੰਘ ਪੰਧੇਰ, ਸ.ਸਤਵਿੰਦਰ ਸਿੰਘ, ਸ.ਗੁਰਵਿੰਦਰ ਸਿੰਘ, ਸ.ਹਰਜੀਤ ਸਿੰਘ, ਸ.ਜਸਪਾਲ ਸਿੰਘ ਅਤੇ ਹੋਰ ਵੀ ਹਾਜ਼ਰ ਸਨ।

www.lokbani.com
lokbani08@gmail.com

# ਕਾਂਗਰਸ ਵੱਲੋਂ ਬਰਨਾਲਾ ਚ ਦਲਿਤ ਆਗੂ ਨੂੰ ਵੱਡੇ ਅਹੁਦੇ ਨਾਲ ਨਿਵਾਜਿਆ ਜਾਵੇਗਾ : ਮੌੜ

**ਬਰਨਾਲਾ/ਰਮਨਦੀਪ ਧਾਲੀਵਾਲ**

ਪੰਜਾਬ ਕਾਂਗਰਸ ਵੱਲੋਂ ਦਲਿਤ ਆਗੂ ਨੂੰ ਬਰਨਾਲੇ ਜ਼ਿਲ੍ਹੇ ਵਿੱਚ ਇੱਕ ਵੱਡੇ ਅਹੁਦੇ ਨਾਲ ਨਿਵਾਜਿਆ ਜਾਣ ਦਾ ਖੰਡਨ ਕੀਤਾ



ਗਿਆ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਸ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਰੋਨਾ ਦੀ ਭਿਆਨਕ ਫੈਲੀ ਬਿਮਾਰੀ ਦੌਰਾਨ ਪੰਜਾਬ ਦੀ ਆਰਥਿਕਤਾ ਨੂੰ ਡਾਵਾਂਡੋਲ ਨਹੀਂ ਹੋਣ ਦਿੱਤਾ ਗਿਆ ਪੰਜਾਬ ਪ੍ਰਦੇਸ ਦੇ ਸੀਨੀਅਰ ਮੀਤ ਪ੍ਰਧਾਨ ਸ ਕੇਵਲ ਸਿੰਘ ਢਿੱਲੋਂ ਦੇ ਸੱਜੀ ਬਾਂਹ ਮੰਨੇ ਜਾਂਦੇ ਦਲਿਤ ਆਗੂ ਕੱਟੜ ਕਾਂਗਰਸੀ ਗੁਰਮੇਲ ਸਿੰਘ ਮੌੜ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਦਲਿਤ ਆਗੂਆਂ ਨੇ ਬਰਨਾਲਾ ਚ ਕ ਕਾਂਗਰਸ ਪਾਰਟੀ ਵਿੱਚ ਰਹਿਕੇ ਸੱਚੇ ਦਿਲੋ ਤਨ ਮਨ ਨਾਲ ਸੇਵਾ ਕੀਤੀ ਕਰਦੇ ਰਹਾਗੇ ਕਿਉਕਿ ਕਾਂਗਰਸ ਪਾਰਟੀ ਸਾਡੀ ਮਾਂ ਪਾਰਟੀ ਹੈ। ਉਨ੍ਹਾਂ ਨੇ ਦੱਸਿਆ ਕਿ ਵਿਕਾਸ ਪੁਰਸ ਸ ਕੇਵਲ ਸਿੰਘ ਢਿੱਲੋਂ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਤਿੰਨੋਂ ਵਿਧਾਨ ਸਭਾ ਹਲਕਿਆਂ ਵਿੱਚ ਵਿਕਾਸ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ ਮੌੜ ਨੇ ਦੱਸਿਆ ਬਰਨਾਲਾ ਸ਼ਹਿਰ ਦੀਆਂ ਨਗਰ ਕੌਂਸਲ ਚੋਣਾਂ ਸਮੇ ਪਾਰਟੀ ਵੱਲੋਂ ਦਿੱਤੀ ਜਿੰਮੇਵਾਰੀ ਬਹੁਖੂਬੀ ਨਾਲ ਨਿਭਾਈ ਸਤਾਰਾਂ ਉਮੀਦਵਾਰਾਂ ਨੂੰ ਜਿਤਾ ਕੇ ਹੀ ਸਾਹ ਲਿਆ ਕਾਂਗਰਸ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਨਵੀਆਂ ਭਲਾਈ ਸਕੀਮਾਂ ਦੇ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਜਾ ਰਹੀ ਹੈ ਵਿਕਾਸ ਪੁਰਸ ਸ ਕੇਵਲ ਸਿੰਘ ਢਿੱਲੋਂ ਹੀ ਦਲਿਤ ਆਗੂਆ ਵੱਲੋਂ ਬਰਨਾਲੇ ਜਿਲ੍ਹੇ ਅੰਦਰ ਕੀਤੀ ਪਾਰਟੀ ਲਈ ਕੀਤੀ ਮਿਹਨਤ ਦੇ ਕੰਮਾਂ ਦਾ ਮੁੱਲ ਪਾਉਣਗੇ।

# ਫੇਸਬੁੱਕ ਲਾਈਵ ਸੈਸ਼ਨ ਦੌਰਾਨ ਮਾਹਰਾਂ ਨੇ ਲੋਕਾਂ ਨੂੰ ਆਪਣੇ ਸਰੀਰ ‘ਚ ਆਕਸੀਜਨ ਦੇ ਪੱਧਰ ਦੇ ਸੁਧਾਰ ਲਈ ਪ੍ਰੋਨਿੰਗ ਦਾ ਸੁਝਾਅ ਦਿੱਤਾ

**ਲੁਧਿਆਣਾ/ਸੁਖਚੈਨ ਮਹਿਰਾ, ਸੁਦਰਸਨ ਖੰਨਾ**



ਜ਼ਿਲ੍ਹਾ ਕੋਵਿਡ ਮਹਾਂਮਾਰੀ ਦੀ ਦੂਸਰੀ ਲਹਿਰ ਦੀ ਮਾਰ ਨਾਲ ਜੂਝ ਰਿਹਾ ਹੈ ਅਤੇ ਕੋਵਿਡ ਮਾਮਲਿਆਂ ਵਿਚ ਸੰਕਟਕਾਲੀਨ ਵਾਧੇ ਦਾ ਸਾਹਮਣਾ ਕਰ ਰਿਹਾ ਹੈ, ਸੰਜੀਵਨੀ ਸਮੂਹ ਨੇ ਅੱਜ ਲੁਧਿਆਣਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਸੋਸ਼ਲ ਮੀਡੀਆ ‘ਤੇ ਝੂੱਠੀਆਂ ਅਫਵਾਹਾਂ ਦਾ ਖੰਡਨ ਕਰਨ, ਘਰ ਵਿੱਚ ਇਕਾਂਤਵਾਸ ਰਹਿਣ ਅਤੇ ਮਹਾਂਮਾਰੀ ਤੋਂ ਬਚਾਅ ਅਤੇ ਰੋਕਥਾਮ ਲਈ ਹੈਲਪਲਾਈਨ ਨੰਬਰਾਂ ‘ਤੇ ਚਾਨਣਾ ਪਾਇਆ। ਮਾਹਰਾਂ ਨੇ ਕੋਵਿਡ-19 ਮਰੀਜ਼ਾਂ ਨੂੰ ਸਾਹ ਲੈਣ ਵਿੱਚ ਤਕਲੀਫ ਹੋਣ ‘ਤੇ ਮਰੀਜ਼ਾਂ ਨੂੰ ਪ੍ਰੋਨਿੰਗ ਕਰਨ ਦੀ ਸਲਾਹ ਦਿੱਤੀ, ਜਿਸ ਨਾਲ ਆਕਸੀਜਨ ਦਾ ਪੱਧਰ ਬਿਹਤਰ ਬਣੇਗਾ ਅਤੇ ਜੀਵਨ ਬਚਾਉਣ ਵਾਲੀ ਗੈਸ ਦਾ ਪ੍ਰਬੰਧ ਕਰਨ ਵਿੱਚ ਪ੍ਰਸ਼ਾਸਨ ‘ਤੇ ਭਾਰ ਵੀ ਘਟੇਗਾ। ਸੰਜੀਵਨੀ ਗਰੁੱਪ ਦੁਆਰਾ ਡੀ.ਪੀ.ਆਰ.ਓ ਦੇ ਅਧਿਕਾਰਤ ਪੇਜ ‘ਤੇ ਇਕ ਲਾਈਵ ਸੈਸ਼ਨ ਵਿਚ, ਪ੍ਰਸਿੱਧ ਕਾਰਡੀਓਲੋਜਿਸਟ ਡਾ. ਬਿਸ਼ਵ ਮੋਹਨ ਨੇ ਵਸਨੀਕਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ, ਸੰਚਾਲਕ ਵਜੋਂ ਮਾਹਰ ਡਾ. ਰਾਜੇਸ਼ ਤੋਂ ਜੁਆਬ ਲਏ। ਡਾ. ਮਹਾਜਨ ਅਤੇ ਸਕੱਤਰ ਆਰ.ਟੀ.ਏ. ਸ੍ਰੀ ਸੰਦੀਪ ਸਿੰਘ ਗੜ੍ਹਾ ਕੋਵੀਡ ਮਰੀਜ਼ਾਂ ਦੇ ਪ੍ਰਬੰਧਾਂ ਲਈ ਪ੍ਰਸ਼ਾਸਨ ਪੱਖ ਤੋਂ ਸਨ। ਡਾ. ਰਾਜੇਸ਼ ਮਹਾਜਨ ਨੇ ਕਿਹਾ ਕਿ ਜਿਹੜੇ ਕੋਵਿਡ ਮਰੀਜ਼ਾਂ ਦੇ ਹਲਕੇ ਲੱਛਣ ਹਨ, ਉਨ੍ਹਾਂ ਨੂੰ ਆਰ.ਟੀ.ਪੀ.ਸੀ.ਆਰ. ਟੈਸਟ ਕਰਵਾਉਣ ਤੋਂ ਬਾਅਦ ਸੀ.ਟੀ. ਸਕੈਨ ਦੀ ਲੋੜ ਨਹੀਂ ਹੁੰਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਉਹ ਆਪਣੇ ਕੁਆਰੰਟਾਈਨ ਪੀਰੀਅਡ ਦੌਰਾਨ ਮਲਟੀਵਿਟਾਮਿਨ, ਵਿਟਾਮਿਨ ਸੀ ਅਤੇ ਸਾਧਾਰਣ ਕਰੋਸੀਨ ਦੀਆਂ ਗੋਲੀਆਂ ਲੈ ਸਕਦੇ ਹਨ, ਆਕਸੀਜਨ ਦਾ ਪੱਧਰ 95 ਤੋਂ ਘੱਟ ਨਾ ਹੋਵੇ ਇਸ ਦੀ ਸਖਤ ਨਿਗਰਾਨੀ ਕੀਤੀ ਜਾਵੇ ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਕੋਵਿਡ ਦੀ ਪਸਾਰ ਲੜੀ ਤੋੜਨ ਲਈ ਮਾਸਕ ਪਹਿਨਣਾ, ਸਮਾਜਕ ਦੂਰੀ ਅਤੇ ਹੱਥਾਂ ਦੀ ਸਫਾਈ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ। ਕੋਵਿਡ ਮਰੀਜ਼ ਵੱਲੋਂ ਪੁੱਛੇ ਗਏ ਸਵਾਲ ਦਾ ਜਵਾਬ ਦਿੰਦੇ ਹੋਏ, ਡਾ. ਮਹਾਜਨ ਨੇ ਕਿਹਾ ਕਿ ਜਿਹੜੇ ਵਿਅਕਤੀ ਕੋਵਿਡ ਤੋਂ ਠੀਕ ਹੋਏ ਹਨ ਉਹ ਇਸ ਮਹਾਂਮਾਰੀ ਦੇ ਫੈਲਾਅ ਨੂੰ ਰੋਕਣ ਲਈ ਘਰ ਵਿੱਚ ਵੀ ਮਾਸਕ ਪਾ ਕੇ ਰੱਖਣ ਅਤੇ ਕੋਵਿਡ ਟੀਕਾਕਰਨ ਲਈ ਚਾਰ ਹਫਤਿਆਂ ਦਾ ਇੰਤਜਾਰ ਕਰਨ।

# ਸੁਜਾਨਪੁਰ ਮੇਰਾ ਹਲਕਾ ਨਹੀਂ ਮੇਰਾ ਪਰਿਵਾਰ ਹੈ : ਠਾਕੁਰ ਅਮਿਤ ਮੰਟੂ

**ਪਠਾਨਕੋਟ /ਸ਼ਾਹਪੁਰ ਕੰਢੀ/ਸੁੱਖਵਿੰਦਰ ਜੰਡੀਰ**



ਕਾਂਗਰਸੀ ਨੇਤਾ ਠਾਕੁਰ ਅਮਿਤ ਮੰਟੂ ਵੱਲੋਂ ਲਗਾਤਾਰ ਆਪਣੇ ਹਲਕੇ ਦੇ ਲੋਕਾਂ ਦੇ ਵਿਚ ਜਾ ਕੇ ਲੋਕਾਂ ਨਾਲ ਗੱਲਬਾਤ ਕੀਤੀ ਜਾ ਰਹੀ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਜਾ ਰਿਹਾ ਹੈ ਜਿਸ ਦੇ ਚਲਦਿਆਂ ਉਨ੍ਹਾਂ ਵੱਲੋਂ ਰੋਜ਼ ਹੀ ਹਲਕਾ ਸੁਜਾਨਪੁਰ ਦੇ ਵੱਖ ਵੱਖ ਪਿੰਡਾਂ ਦਾ ਦੌਰਾ ਕੀਤਾ ਜਾਂਦਾ ਹੈ ਤੇ ਲੋਕਾਂ ਵਿੱਚ ਜਾ ਕੇ ਲੋਕਾਂ ਨਾਲ ਗੱਲਬਾਤ ਕੀਤੀ ਜਾਂਦੀ ਹੈ ਉਸੇ ਦੇ ਚੱਲਦਿਆਂ ਅੱਜ ਵੀ ਠਾਕੁਰ ਅਮਿਤ ਮੰਟੂ ਵੱਲੋਂ ਕਿੱਕਰ ਵਾਲੀ ਮਾਤਾ ਮੰਦਿਰ ਵਿੱਚ ਜਾ ਕੇ ਮੱਥਾ ਟੇਕਿਆ ਗਿਆ ਤੇ ਉੱਥੇ ਹੋ ਰਹੇ ਹਵਨ ਯੱਗ ਵਿਚ ਹਿੱਸਾ ਲਿਆ ਗਿਆ ਅੱਗੇ ਜਾਣਕਾਰੀ ਦਿੰਦੇ ਹੋਏ ਠਾਕੁਰ ਅਮਿਤ ਮੰਟੂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਰੋਜ਼ ਹੀ ਆਪਣੇ ਦਫਤਰ ਵਿੱਚ ਆਪਣੇ ਹਲਕੇ ਦੇ ਲੋਕਾਂ ਨਾਲ ਮੁਲਾਕਾਤ ਕੀਤੀ ਜਾਂਦੀ ਹੈ ਤੇ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਸੁਣਿਆ ਜਾਂਦਾ ਹੈ ਉਨ੍ਹਾਂ ਦੱਸਿਆ ਕਿ ਆਪਣੇ ਹਲਕੇ ਦੇ ਲੋਕਾਂ ਨਾਲ ਮੁਲਾਕਾਤ ਕਰਦੇ ਹਨ ਤੇ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਸੁਣਦੇ ਹਨ ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਹਲਕਾ ਉਨ੍ਹਾਂ ਦਾ ਪਰਿਵਾਰ ਹੈ ਤੇ ਉਹ ਆਪਣੇ ਹਲਕੇ ਦੇ ਵਿਕਾਸ ਲਈ ਹਰ ਤਰ੍ਹਾਂ ਦੀ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ ਆਪਣੇ ਹਲਕੇ ਦੇ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਪੰਜਾਬ ਸਰਕਾਰ ਤੱਕ ਪਹੁੰਚ ਝਾਗ ਕੇ ਉਨ੍ਹਾਂ ਦਾ ਹੱਲ ਕਰਵਾਉਣ ਦੇ ਯਤਨ ਕਰਦੇ ਰਹਿਣਗੇ।

# ਸਬ-ਇੰਸਪੈਕਟਰ ਅੰਮ੍ਰਿਤਪਾਲ ਸਿੰਘ ਦੀ ਗੱਡੀ ਬੇਕਾਬੂ ਹੋ ਕੇ ਦਰੱਖਤ ਨਾਲ ਟਕਰਾ ਗਈ ਗੰਭੀਰ ਜਖਮੀ ਹੋਣ ਤੋਂ ਬਾਅਦ ਹੋਈ ਮੌਤ

**ਤਰਨ ਤਾਰਨ /ਰਵੀਕਰਨ**



ਤਰਨ ਤਾਰਨ ਜਿਲੇ ਦੇ ਪੁਲਿਸ ਅਫਸਰ ਸਬ-ਇੰਸਪੈਕਟਰ ਅੰਮ੍ਰਿਤਪਾਲ ਸਿੰਘ ਜੋ ਕਿ ਘਰਿਆਲਾ ਚੌਕੀਂ ਇੰਚਾਰਜ ਵਜ਼ੋ ਤਾਇਨਾਤ ਸਨ ਜ਼ੋ ਕਿ ਬੀਤੀ ਰਾਤ ਮਾਈਨਿੰਗ ਦੀ ਡਿਊਟੀ ਸੰਬੰਧੀ ਇਲਾਕੇ ਵਿੱਚ ਗਸ਼ਤ ਕਰ ਰਹੇ ਸਨ ਤਾਂ ਇਸ ਦੌਰਾਨ ਮਾਹੀ ਪੈਲੇਸ ਦੇ ਨਜਦੀਕ ਗੱਡੀ ਬੇਕਾਬੂ ਹੋ ਕੇ ਦਰੱਖਤ ਨਾਲ ਟਕਰਾ ਗਈ। ਜਿਸ ਕਾਰਨ ਉਹ ਗੰਭੀਰ ਜਖਮੀ ਹੋ ਗਏ ਅਤੇ ਥੋੜੀ ਦੇਰ ਬਾਅਦ ਉਨਾਂ ਦੀ ਮੌਤ ਹੋ ਗਈ ਇਸ ਸਬੰਧੀ ਜਿਲਾ ਤਰਨ ਤਾਰਨ ਪੁਲਿਸ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਤੇ ਪੋਸਟ ਪਾ ਕੇ ਦੁੱਖ ਸਾਂਝਾ ਕੀਤਾ ।

# ਸ਼ਹੀਦ ਫੌਜੀ ਅਮਰਦੀਪ ਸਿੰਘ ਦੇ ਪਰਿਵਾਰ ਨੂੰ ਮਿਲੇ : ਐਸ.ਐਸ.ਪੀ ਗੋਇਲ

**ਬਰਨਾਲਾ/ਰਮਨਦੀਪ ਧਾਲੀਵਾਲ**



ਕੇਂਦਰੀ ਸ਼ਾਸ਼ਤ ਪ੍ਰਦੇਸ਼ ਲੇਹ ਲਦਾਖ ਦੇ ਸਿਆਚਿਨ ਖੇਤਰ ‘ਚ ਬਰਫ਼ ਦੇ ਤੋਦੇ ਹੇਠਾਂ ਦੱਬ ਕੇ ਸ਼ਹਾਦਤ ਦਾ ਜਾਮ ਪੀਣ ਵਾਲੇ ਜਿਲ੍ਹੇ ਦੇ ਪਿੰਡ ਕਰਮਗੜ੍ਹ ਦੇ ਰਹਿਣ ਵਾਲੇ ਸ਼ਹੀਦ ਫੌਜੀ ਜਵਾਨ ਅਮਰਦੀਪ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ, ਅੱਜ ਜਿਲ੍ਹਾ ਬਰਨਾਲਾ ਦੇ ਪੁਲਿਸ ਮੁਖੀ ਸ੍ਰੀ ਸੰਦੀਪ ਗੋਇਲ ਉਨਾਂ ਕੋਲ ਉਚੇਚੇ ਤੌਰ ਤੇ ਪਹੁੰਚੇ ।ਸ੍ਰੀ ਗੋਇਲ ਨੇ ਸ਼ਹੀਦ ਫੌਜੀ ਅਮਰਦੀਪ ਸਿੰਘ ਦਾ ਪਾਲਣ ਪੋਸ਼ਣ ਕਰਨ ਵਾਲੇ ਉਸ ਦੇ ਫੁੱਫੜ ਸੁਰਜੀਤ ਸਿੰਘ ਸੀਤਾ ਨੂੰ ਮਿਲ ਕੇ ਸ਼ਹੀਦ ਦੀ ਸ਼ਹਾਦਤ ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਕੋਈ ਵੀ ਵਿਅਕਤੀ, ਅਮਰਦੀਪ ਸਿੰਘ ਦੀ ਸ਼ਹਾਦਤ ਕਾਰਣ ਪਰਿਵਾਰ ਨੂੰ ਪਿਆ ਘਾਟਾ ਪੂਰਾ ਨਹੀਂ ਕਰ ਸਕਦਾ। ਪਰੰਤੂ ਮੈਂ ਵਾਅਦਾ ਕਰਦਾ ਹਾਂ ਕਿ ਅਸੀਂ ਇਸ ਦੁੱਖ ਦੀ ਘੜੀ ਵਿੱਚ ਹਰ ਤਰਾਂ ਪਰਿਵਾਰ ਦੇ ਨਾਲ ਚੱਟਾਨ ਵਾਂਗ ਖੜਾਂਗੇ। ਉਨਾਂ ਸੁਰਜੀਤ ਸਿੰਘ ਨੂੰ ਭਰੋਸਾ ਦਿੱਤਾ ਕਿ ਉਹ ਬਿਨਾਂ ਝਿਜਕ ਜਦੋਂ ਵੀ ਚਾਹੁਣ, ਹਰ ਕਿਸਮ ਦੀ ਸਹਾਇਤਾ ਲਈ ਸੰਪਰਕ ਕਰ ਸਕਦੇ ਹਨ। ਉਨਾਂ ਮੌਕੇ ਤੇ ਮੌਜੂਦ ਮਹਿਲ ਕਲਾਂ ਦੇ ਡੀਐਸਪੀ ਕੁਲਦੀਪ ਸਿੰਘ ਨੂੰ ਕਿਹਾ ਕਿ ਉਹ ਪਰਿਵਾਰ ਦੇ ਸੰਪਰਕ ਵਿੱਚ ਰਹਿਣਗੇ, ਪਰਿਵਾਰ ਨੂੰ ਕਿਸੇ ਵੀ ਚੀਜ਼ ਦੀ ਲੋੜ ਪਵੇ ਤਾਂ ਇੰਨਾਂ ਦੀ ਤੁਰੰਤ ਸਹਾਇਤਾ ਕੀਤੀ ਜਾਵੇ। ਇਸ ਮੌਕੇ ਐਸ.ਐਸ.ਪੀ ਸ੍ਰੀ ਸੰਦੀਪ ਗੋਇਲ ਨੇ ਕਿਹਾ ਕਿ ਬੇਸ਼ੱਕ ਸ਼ਹੀਦ ਦੇ ਆਸਰਿਤ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਅਤੇ 50 ਲੱਖ ਰੁਪਏ ਦਾ ਐਕਸਗ੍ਰੇਸ਼ੀਆ ਮੁਆਵਜਾ ਦੇਣ ਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕਰ ਦਿੱਤਾ ਹੈ। ਪਰੰਤੂ ਨੌਕਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਮੇਂ ਅਪਣਾਈ ਜਾਣ ਵਾਲੀ ਪ੍ਰਸ਼ਾਸ਼ਨਿਕ ਪ੍ਰਕਿਰਿਆ ਨੂੰ ਛੇਤੀ ਪੂਰਾ ਕਰਵਾਉਣ ਵਿੱਚ ਹਰ ਤਰਾਂ ਦਾ ਸਹਿਯੋਗ ਕਰਨਗੇ। ਪਰਿਵਾਰ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਸ੍ਰੀ ਗੋਇਲ ਨੇ ਦੱਸਿਆ ਕਿ ਸ਼ਹੀਦ ਦਾ ਪਾਰਥਕ ਸ਼ਰੀਰ ਅੱਜ ਦੇਰ ਰਾਤ ਤੱਕ ਹੈਲੀਕਾਪਟਰ ਰਾਹੀਂ ਚੰਡੀਗੜ੍ਹ ਪਹੁੰਚ ਜਾਵੇਗੀ।

# ਪਵ੍ਰਾਸੀ ਭਾਰਤੀ ਨੇ ਸਕੂਲ ਦਾ ਕਮਰਾ ਬਣਾਇਆ

**ਕਪੂਰਥਲਾ/ਫਿਲਵਾਂ/ਸੁਖੀਜਾ**

ਸਾਨੂੰ ਆਪਣੀ ਨੇਕ ਕਮਾਈ ਵਿੱਚੋਂ ਕੁਝ ਹਿੱਸਾ ਦਾਨ ਪੁੰਨ ਵਾਸਤੇ ਵੀ ਦੇਣਾ ਚਾਹੀਦਾ ਹੈ। ਇਹਨਾ ਵਿਚਾਰਾਂ ਦਾ ਪ੍ਰਗਟਾਵਾ ਪ੍ਰਵਾਸੀ ਭਾਰਤੀ ਸੁਖਜੀਤ ਸਿੰਘ ਜੈਲਦਾਰ ਅਤੇ ਮੋਹਣ ਕੌਰ ਕਨੇਡਾ ਨੇ ਸਰਕਾਰੀ ਐਲੀਮੈਂਟਰੀ ਸਕੂਲ ਫਿਲਵਾਂ ਦਾ ਕਮਰਾ ਬਣਾਉਣ ਉਪਰੰਤ ਸਕੂਲ ਨੂੰ ਸਮਰਪਿਤ ਕਰਦਿਆਂ ਪੱਤਰਕਾਰਾਂ ਨਾਲ ਕੀਤਾ। ਉਹਨਾ ਦੱਸਿਆ ਕਿ ਸਰਕਾਰੀ ਐਲੀਮੈਂਟਰੀ ਸਕੂਲ ਫਿਲਵਾਂ ਵਿੱਚ ਕਰੀਬ 3 ਲੱਖ ਰੁਪਿਆ ਖਰਚਾ ਆਇਆ ਹੈ। ਉਹਨਾ ਦੱਸਿਆ ਕਿ ਆਉਣ ਵਾਲੇ ਸਮੇ ਵਿੱਚ ਕਸਬੇ ਦੇ ਵਿਕਾਸ ਵਿੱਚ ਹੋਰ ਯੋਗਦਾਨ ਦਿੱਤਾ ਜਾਵੇਗਾ । ਇਸ ਮੋਕੇ ਸਮੂਹ ਸਕੂਲ ਸਟਾਫ ਅਤੇ ਮਾਸਟਰ ਜਗਦੀਪ ਸਿੰਘ ,ਮਲਕੀਤ ਸਿੰਘ ਅਟਵਾਲ ਕੌਸਲਰ ਨੇ ਪ੍ਰਵਾਸੀ ਭਾਰਤੀ ਸੁਖਜੀਤ ਸਿੰਘ ਜੈਲਦਾਰ ਅਤੇ ਮੋਹਣ ਕੌਰ ਕਨੇਡਾ ਦਾ ਧੰਨਵਾਦ ਕੀਤਾ।

# ਗਰੀਬ ਪਰਿਵਾਰਾਂ ਦੀਆਂ ਮੁਸਕਲਾਂ ਦਾ ਸਮੇਂ ਸਿਰ ਹੱਲ ਕੀਤਾ ਜਾਵੇਗਾ : ਅਠਵਾਲ



**ਚੋਹਲਾ ਸਾਹਿਬ/ਮਨਜੀਤ ਸਿੰਘ,ਭਗਤ ਸਿੰਘ**
ਇਥੋਂ ਨਜਦੀਕ ਪਿੰਡ ਰਾਣੀਵਲਾਹ ਵਿਖੇ ਅੰਬੇਡਕਰ ਫੋਰਸ ਦੇ ਜਿਲ੍ਹਾ ਪ੍ਰਧਾਨ ਗੁਰਜੰਟ ਸਿੰਘ ਅਠਵਾਲ ਦੇ ਗ੍ਰਹਿ ਵਿਖੇ ਆਲ ਇੰਡੀਆ ਰਾਜੀਵ ਗਾਂਧੀ ਵਿਚਾਰ ਮੰਚ ਦੇ ਨੈਸ਼ਨਲ ਪ੍ਰਧਾਨ ਗੁਰਮੀਤ ਸਿੰਘ ਚੌਹਾਨ ਅਤੇ ਅਜੀਤ ਸਿੰਘ ਚਾਹਲ ਜਰਨਲ ਸਕੱਤਰ ਪੰਜਾਬ ਅਤੇ ਸੀਨੀਅਰ ਮੀਤ ਪ੍ਰਧਾਨ ਪੰਜਾਬ ਬਾਬਾ ਸੱਜਣ ਸਿੰਘ ਦੀ ਅਹਿਮ ਮੀਟਿੰਗ ਹੋਈ।ਇਸ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਅਠਵਾਲ ਨੇ ਦੱਸਿਆ ਕਿ ਉਹਨਾਂ ਦੀ ਟੀਮ ਵੱਲੋਂ ਬਲਾਕ ਚੋਹਲਾ ਸਾਹਿਬ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਗਿਆ ਹੈ ਅਤੇ ਰਹਿੰਦੇ ਵਿਕਾਸ ਕਾਰਜਾਂ ਅਤੇ ਸਮੱਸਿਆਵਾਂ ਨੂੰ ਸਮੇਂ ਸਿਰ ਹੱਲ ਕਰਨ ਲਈ ਵੀ ਕਿਹਾ ਗਿਆ ।ਇਸ ਮੌਕੇ ਬਲਾਕ ਚੋਹਲਾ ਸਾਹਿਬ ਦੇ ਵਾਈਸ ਚੇਅਰਪਰਸਨ ਬੀਬੀ ਨਿੰਦਰ ਕੌਰ ਅਤੇ ਜਿਲ੍ਹਾ ਪ੍ਰਧਾਨ ਅੰਬੇਡਕਰ ਫੋਰਸ ਪੰਜਾਬ ਦੇ ਗੁਰਜੰਟ ਸਿੰਘ ਅਠਵਾਲ ਵੱਲੋਂ ਗੁਰਮੀਤ ਸਿੰਘ ਚੌਹਾਨ ਅਤੇ ਅਜੀਤ ਸਿੰਘ ਚਾਹਲ ਅਤੇ ਬਾਬਾ ਸੱਜਣ ਸਿੰਘ ਨੂੰ ਜੀ ਆਇਆਂ ਆਖਿਆ ਅਤੇ ਉਹਨਾਂ ਨੂੰ ਸਿਰੋਪਾਉ ਦੇਕ ਸਨਮਾਨਿਤ ਕੀਤਾ ਗਿਆ।ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਗਰੀਬ ਪਰਿਵਾਰਾਂ ਦੀਆਂ ਮੁਸਕਲਾਂ ਦਾ ਸਮੇਂ ਸਿਰ ਹੱਲ ਕੀਤਾ ਜਾਵੇਗਾ ।ਜਿਸ ਮੌਕੇ ਤੇ ਹਾਜ਼ਰ ਸੂਬੇਦਾਰ ਕਸ਼ਮੀਰ ਸਿੰਘ, ਬਾਬਾ ਸੁਬੇਗ ਸਿੰਘ, ਸੁੱਖਾ ਸਿੰਘ, ਇੰਦਰਜੀਤ ਸਿੰਘ ,ਹਰਪਾਲ ਸਿੰਘ ,ਹਰਜਿੰਦਰ ਸਿੰਘ, ਮੰਗਲ ਸਿੰਘ, ਸਤਪਾਲ ਸਿੰਘ, ਜਤਿੰਦਰ ਸਿੰਘ, ਬਾਜ਼ ਸਿੰਘ, ਬਲਾਕ ਪ੍ਰਧਾਨ ਨਛੱਤਰ ਸਿੰਘ ਆਦਿ ਹਾਜ਼ਰ ਸਨ।

# ਸੁਭਾਨਪੁਰ ਪੁਲਿਸ ਵੱਲੋਂ 10 ਗ੍ਰਾਮ ਹੈਰੋਇਨ ਸਮੇਤ ਮਹਿਲਾ ਕਾਬੂ



**ਕਪੂਰਥਲਾ/ਸੁਭਾਨਪੁਰ/ਸੁਖੀਜਾ**
ਥਾਣਾ ਸੁਭਾਨਪੁਰ ਦੀ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਹੈਰੋਇਨ ਸਮੇਤ ਇੱਕ ਮਹਿਲਾ ਨੂੰ ਕਾਬੂ ਕੀਤਾ ਹੈ। ਥਾਣਾ ਮੁਖੀ ਸੁਭਾਨਪੁਰ ਅਮਨਦੀਪ ਨਾਹਰ,ਸਬ ਇੰਸਪੈਕਟਰ ਗੁਰਜਸਵੰਤ ਸਿੰਘ,ਏ.ਐਸ.ਆਈ. ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੁਲਿਸ ਪਾਰਟੀ ਗਸ਼ਤ ਦੌਰਾਨ ਪਿੰਡ ਹਮੀਰਾ, ਲੱਖਣ ਖੋਲੇ ਵੱਲ ਰਾ ਰਹੀ ਸੀ ਤਾਂ ਪਿੰਡ ਲੱਖਣ ਖੋਲੇ ਵੱਲੋਂ ਇੱਕ ਮਹਿਲਾ ਆਉਂਦੀ ਦਿਖਾਈ ਦਿੱਤੀ ਜਿਸ ਨੇ ਅੱਖ ਬਚਾ ਕੇ ਸੜਕ ਨਜਦੀਕ ਖੇਤਾਂ ਵਿੱਚ ਮੋਮੀ ਲਿਫਾਫਾ ਹੇਠਾਂ ਸੁੱਟਿਆ , ਜਿਸ ਨੂੰ ਸਖਤੀ ਨਾਲ ਸੁੱਟੇ ਹੋਏ ਮੋਮੀ ਲਿਫਾਫੇ ਬਾਰੇ ਪੁੱਛਿਆ ਜਿਸ ਨੇ ਦੱਸਿਆ ਕਿ ਇਸ ਵਿੱਚ ਹੈਰੋਇਨ ਹੈ। ਥਾਣਾ ਸੁਭਾਨਪੁਰ ਦੀ ਪੁਲਿਸ ਨੇ ਜਗੀਰ ਕੌਰ ਉਰਫ ਬਿੱਲੋਂ ਵਾਸੀ ਪਿੰਡ ਲੱਖਣ ਖੋਲੇ ਪਾਸੋਂ 10 ਗ੍ਰਾਮ ਹੈਰੋਇਨ ਬਰਾਮਦ ਕਰਨ ਤੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਸੇਰਾ ਬੋਹੜਵਾਲੀਆ ਜੀ ਦੁਆਰਾ ਨਵੇਂ ਗਾਏ ਮਾਤਾ ਰਾਣੀ ਦੇ ਭਜਨ "ਸਿਫਤਾਂ ਮਾਂ ਦੇ ਦਰਬਾਰ ਦੀਆਂ" ਦੀ ਵੀਡੀਓ ਐੱਸ ਬੀ ਰਿਕਾਰਡਜ ਯੂ ਕੇ ਦੇ ਚੈਨਲ 'ਤੇ ਹੋਈ ਰਿਲੀਜ



**ਕਪੂਰਥਲਾ/ਪਰਮਜੀਤ ਸੰਨੀ**
ਮਾਤਾ ਰਾਣੀ ਦੇ ਦਰਬਾਰ ਦੀ ਸੁੰਦਰਤਾ ਨੂੰ ਸਮਰਪਿਤ ਇਕ ਨਵੀਂ ਮਾਤਾ ਰਾਣੀ ਦੀ ਭੇਟ "ਸਿਫਤਾਂ ਮਾਂ ਦੇ ਦਰਬਾਰ ਦੀਆਂ" ਐੱਸ ਬੀ ਰਿਕਾਰਡਜ ਯੂ ਕੇ ਦੇ ਯੂਟਿਊਬ ਚੈਨਲ 'ਤੇ ਰਿਲੀਜ ਹੋਈ ਹੈ। ਇਸ ਭਜਨ ਨੂੰ ਪੰਜਾਬੀ ਨਾਮਵਰ ਗਾਇਕ ਸੇਰਾ ਬੋਹੜਵਾਲੀਆ ਜੀ ਗਾਇਆ ਗਿਆ ਹੈ। ਮਾਤਾ ਰਾਣੀ ਦੀ ਇਸ ਖੂਬਸੂਰਤ ਭੇਟ ਨੂੰ ਬੜੇ ਸੁਚੱਜੇ ਢੰਗ ਨਾਲ ਗੀਤਕਾਰ ਨਿੰਮਾ ਲੋਹਾਰਕਾ ਦੁਆਰਾ ਲਿਖਤੀ ਰੂਪ ਹਾਸਿਲ ਹੋਇਆ। ਮਿਊਜਕਿ ਦੀ ਸੇਵਾ ਮਿਊਜਕਿ ਡਾਇਰੈਕਟਰ ਵਿੱਕੀ ਦੁਆਰਾ ਨਿਭਾਈ ਗਈ ਤੇ ਡਾਇਰੈਕਟਰ ਅਮਰਪਾਲ ਦੁਆਰਾ ਦੀ ਵੀਡੀਓ ਮੁਕੰਮਲ ਹੋਈ। ਇਸ ਭਜਨ ਦਾ ਪੋਸਟਰ ਵਿਕਰਮ ਵਿੱਕੀ ਦੁਆਰਾ ਡਿਜਾਈਨ ਕੀਤਾ ਗਿਆ। ਇਸ ਭੇਟ ਦੇ ਪ੍ਰੋਡਿਊਸਰ ਜਤਿੰਦਰ ਭੰਡਾਰੀ ਉਰਫ ਬੌਬੀ ਯੂ ਕੇ ਅਤੇ ਪਰਮਜੀਤ ਸੰਨੀ ਜੀ ਹਨ ਤੇ ਇਸ ਦੀ ਵੀਡੀਓ ਐੱਸ ਬੀ ਰਿਕਾਰਡਜ ਯੂ ਕੇ ਦੇ ਯੂਟਿਊਬ ਚੈਨਲ 'ਤੇ ਰਿਲੀਜ ਹੋਈ ਹੈ।

# ਸੈਕੰਡਰੀ ਸਕੂਲਾਂ ਵਿੱਚ ਸਿਰਫ ਨਿੱਜੀ ਸਕੂਲਾਂ ਤੋਂ ਹਟ ਕੇ ਆਏ ਬੱਚੇ ਕੀਤੇ ਜਾ ਰਹੇ ਹਨ ਦਾਖ਼ਲ



**ਤਰਨ ਤਾਰਨ/ਰਵੀਕਰਨ**
ਨਵਾਂ ਵਿੱਦਿਅਕ ਸ਼ੈਸ਼ਨ ਸ਼ੁਰੂ ਹੋਣ ਕਰਕੇ ਹਜ਼ਾਰਾਂ ਦੀ ਗਿਣਤੀ 'ਚ ਵਿਦਿਆਰਥੀ ਵੱਡੀਆਂ ਸ਼੍ਰੇਣੀਆਂ ਵਿੱਚ ਨਿੱਜੀ ਸਕੂਲਾਂ ਤੋਂ ਹਟ ਕੇ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਲੈ ਰਹੇ ਹਨ। ਇਸ ਦੇ ਨਾਲ ਹੀ ਉਕਤ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਮੰਗ ਕੀਤੀ ਜਾ ਰਹੀ ਸੀ ਕਿ ਛੋਟੇ ਬੱਚਿਆਂ ਨੂੰ ਉਹ ਅਲੱਗ ਨਹੀਂ ਭੇਜ ਸਕਦੇ, ਜਿਸ ਕਾਰਨ ਸਰਕਾਰੀ ਸੈਕੰਡਰੀ ਸਕੂਲਾਂ ਦੇ ਸਕੂਲ ਮੁਖੀਆਂ ਤੇ ਅਧਿਆਪਕਾਂ ਨੇ ਛੋਟੇ ਬੱਚਿਆਂ ਲਈ ਵੀ ਪ੍ਰਾਇਮਰੀ ਜਮਾਤਾਂ ਸ਼ੁਰੂ ਕਰਨ ਦਾ ਸੁਝਾਅ ਸਿੱਖਿਆ ਵਿਭਾਗ ਨੂੰ ਦਿੱਤਾ। ਜਿਸ ਨੂੰ ਧਿਆਨ 'ਚ ਰੱਖ ਕੇ ਕਾਫੀ ਸੈਕੰਡਰੀ ਸਕੂਲਾਂ ਨੇ ਪ੍ਰਾਇਮਰੀ ਜਮਾਤਾਂ ਸ਼ੁਰੂ ਕਰ ਦਿੱਤੀਆਂ ਹਨ। ਇਸਦੇ ਮੱਦੇਨਜ਼ਰ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਤਰਨਤਾਰਨ ਸ੍ਰੀ ਸਤਿਨਾਮ ਸਿੰਘ ਬਾਠ ਨੇ ਸਪੱਸ਼ਟ ਕੀਤਾ ਹੈ ਕਿ ਜਿਹੜੇ ਸੈਕੰਡਰੀ ਸਕੂਲ ਪ੍ਰੀ-ਪ੍ਰਾਇਮਰੀ ਜਮਾਤਾਂ ਸ਼ੁਰੂ ਕਰਨਾ ਚਾਹੁੰਦੇ ਹਨ, ਉਹ ਕੇਵਲ ਨਿੱਜੀ ਸਕੂਲਾਂ ਤੋਂ ਹਟ ਕੇ ਆਏ ਬੱਚਿਆਂ ਦਾ ਦਾਖ਼ਲਾ ਹੀ ਕਰਨ। ਉਨ੍ਹਾਂ ਕਿਹਾ ਕਿ ਸੈਕੰਡਰੀ ਸਕੂਲਾਂ ਦੇ ਇਸ ਉੱਦਮ ਨਾਲ ਜਿੱਥੇ ਪ੍ਰਾਇਮਰੀ ਕਾਡਰ ਵਿੱਚ ਬੱਚਿਆਂ ਦੀ ਗਿਣਤੀ ਵਧੇਗੀ, ਉਸਦੇ ਨਾਲ ਹੀ ਭਵਿੱਖ ਵਿੱਚ ਪ੍ਰਾਇਮਰੀ ਕਾਡਰ ਦੀਆਂ ਅਸਾਮੀਆਂ ਦੀ ਗਿਣਤੀ ਵਧਣੀ ਵੀ ਸੁਭਾਵਿਕ ਹੈ। ਜਿਨ੍ਹਾਂ ਦਾ ਸਰਕਾਰੀ ਸਕੂਲਾਂ ਵਿੱਚ ਕੰਮ ਕਰ ਰਹੇ ਹਜ਼ਾਰਾਂ ਸਿੱਖਿਆ ਕਰਮੀਆਂ, ਈ.ਜੀ.ਐੱਸ./ਐੱਸ.ਟੀ.ਆਰ./ਏ.ਆਈ.ਈ ਵਲੰਟੀਅਰਾਂ ਨੂੰ ਫਾਇਦਾ ਮਿਲੇਗਾ।

PB 32 LOUNGE AND BAR





M-85569-55644, 7888534947
CHD ROAD, Nawanshahr Mandi,
Nawanshahr - 144514, NEAR SUTLEJ CINEMA

**ਜ਼ਰੂਰੀ ਸੂਚਨਾ**

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008
Edior, Owner, Printer, Publisher, Amandeep Mehra
Printed at Rachna Printers, Railway Road Jalandhar
Place of Publication : 308 Sangam complex
Milap Chowk, Jalandhar (India)
Contect No. : 0181-2211009, Fax : 2211009
Email Id : lokbani08@gmail.com

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਅਨਾਥ, ਵਿਧਵਾ, ਬੇਸਹਾਰਾ, ਲਚਾਰ ਪ੍ਰਾਣੀਆਂ ਦੀ ਸੇਵਾ ਹਿੱਤ
ਗੁਰੂ ਨਾਨਕ ਅਨਾਥ ਆਸ਼ਰਮ ਐਂਡ ਚੈਰੀਟੇਬਲ ਸੁਸਾਇਟੀ (ਰਜਿ.)
विधवा, बेसहारा, लाचार प्राणियों की सेवा में
गुरू नानक अनाथ आश्रम एण्ड चैरीटेबल सोसाईटी (रजि.)
ਫੋਨ : 0181-2413760, ਮੋ. 95018-42008
GURU NANAK ANATH ASHRAM & CHARITABLE SOCIETY (REGD.)
P.N.B. A/C. No. 2205000121070723
ਦਾਨੀ ਸੱਜਣ ਇਨਕਮ ਟੈਕਸ ਛੋਟ ਵਾਸਤੇ ਮੁੱਖ ਦਫ਼ਤਰ ਰਾਮਾ ਮੰਡੀ, ਜਲੰਧਰ ਨਾਲ ਸੰਪਰਕ ਕਰਨ ਜੀ।
Vill. Buddana, P.o. Kapoor Pind, Near Jandusinga, Distt Jalandhar (Pb.)

ਦੇਸ਼-ਵਿਦੇਸ਼ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111